## ਸੂਚਨਾ ਅਤੇ ਸੰਚਾਰਣ

ਇਹ ਕੰਟ੍ਰੋਲ ਕਰਨਾ ਕਿ ਲੋਕ ਕੀ ਕਰਦੇ ਹਨ, ਇਕ ਸਿੱਧਾ ਓਪਰੇਸ਼ਨ ਹੈ ਜੋ ਕਿ ਘੇਰੇਬੰਦੀ ਅਤੇ ਤਾਕਤ ਨਾਲ ਹੀ ਕੀਤਾ ਜਾ ਸਕਦਾ ਹੈ। ਇਹ ਕੰਟ੍ਰੋਲ ਕਰਨਾ ਕਿ ਕੀ ਪ੍ਰਕਾਸ਼ਿਤ ਜਾਂ ਬ੍ਰਾਡਕਾਸਟ (ਪ੍ਰਸਾਰਿਤ) ਕੀਤਾ ਜਾਂਦਾ ਹੈ, ਇਹ ਵੀ ਕਾਫੀ ਸੁਖਾਲਾ ਹੈ। ਸਭ ਤੋਂ ਪ੍ਰਭਾਵਸ਼ਾਲੀ ਮੀਡੀਆ ਸੰਸਥਾਵਾਂ ਬਹੁਤ ਵੱਡੀਆਂ ਹਨ ਪਰੰਤੂ ਤੁਲਨਾਤਮਕ ਤੌਰ ਤੇ ਬਹੁਤ ਘੱਟ ਹਨ। ਭਾਰਤ ਵਿਚ, ਇਹ ਜਾਂ ਤਾਂ ਕੇਂਦਰ ਸਰਕਾਰ ਦੇ ਵਿਭਾਗ ਹਨ, ਜਿਵੇਂ ਪ੍ਰਸਾਰਣ ਮੀਡੀਆ, ਜਾਂ ਫਿਰ ਇਹ ਅਖਬਾਰ ਹਨ ਜੋ ਇਸ਼ਤਿਹਾਰਬਾਜ਼ੀ, ਨਿਊਜ਼ਪ੍ਰਿੰਟ ਲਈ ਸਰਕਾਰ ਤੇ ਬਹੁਤ ਜ਼ਿਆਦਾ ਨਿਰਭਰ ਹਨ ਅਤੇ ਇਨ੍ਹਾਂ ਤੇ ਸੈਂਸਰਸ਼ਿਪ ਵੀ ਲਗਾਈ ਜਾ ਸਕਦੀ ਹੈ ਜਿਸਦਾ ਕੁਝ ਹਾਲਾਤ ਅਧੀਨ ਸਰਕਾਰ ਦੁਆਰਾ ਐਲਾਨ ਕੀਤਾ ਜਾ ਸਕਦਾ ਹੈ।

ਐਪਰ, ਸੈਂਸਰਸ਼ਿਪ, ਭਾਵੇਂ ਇਹ ਖਬਰ ਦਬਾਉਣ ਲਈ ਹੋਵੇ ਜਾਂ ਕਿਸੇ ਤਰ੍ਹਾਂ ਦੀ ਕੋਈ ਅਸ਼ਲੀਲਤਾ, ਜਿਸ ਚੀਜ਼ ਨੂੰ ਵੀ ਦਬਾਇਆ ਜਾਂਦਾ ਹੈ, ਲੋਕਾਂ ਦੀ ਲਾਲਸਾ ਨੂੰ ਹੋਰ ਭੜਕਾਉਂਦੀ ਹੈ। ਬਲਿਊਸਟਾਰ ਤੋਂ ਬਾਅਦ ਅਤੇ 1984-85 ਦੇ ਦੌਰਾਨ ਅਤੇ ਹੋਰ ਬਹੁਤ ਸਾਰੇ ਸਮਿਆਂ ਤੇ, ਪਾਠਕ ਨੇ ਬਹੁਤ ਸਾਰੇ ਚਿੱਟੇ ਧੱਬਿਆਂ, ਜੋ ਕਿ ਉਸ ਨੂੰ ਅਖਬਾਰ ਖੋਲ੍ਹਦਿਆਂ ਉਸ ਵਿਚੋਂ ਘੂਰਦੇ ਦਿਖਾਈ ਦੇਂਦੇ, ਦਾ ਸਾਮ੍ਹਣਾ ਕੀਤਾ। ਇਹ ਥਾਂ ਖਾਲੀ ਛੱਡਣ ਦਾ ਧੰਦਾ ਸਰਕਾਰ ਸੈਂਸਰਸ਼ਿਪ ਵਿਰੁੱਧ ਰੋਸ ਕਰਨ ਦਾ ਅਖਬਾਰਾਂ ਦਾ ਆਪਣਾ ਹੀ ਇਕ ਤਰੀਕਾ ਸੀ ਅਤੇ ਸਰਕਾਰ ਦੀ ਨਿਗਾਹ ਵਿਚ ਇਹ ਹੁਕਮਾਂ ਦੀ ਉਲੰਘਣਾ ਦੀ ਕਾਰਵਾਈ ਸੀ ਜਿਸਨੂੰ ਰੋਕਣ ਦੀ ਉਨ੍ਹਾਂ ਪੂਰੀ ਕੋਸ਼ਿਸ਼ ਕੀਤੀ।

ਸਾਰੀ ਦੁਨੀਆਂ ਵਿਚ, ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਰਚਨਾਤਮਕ ਪ੍ਰਤਿਬਿੰਬ ਪ੍ਰਾਪਤ ਕਰਨਾ ਚਾਹੁੰਦੀਆਂ ਹਨ ਅਤੇ ਉਹ ਆਪਣੇ ਪ੍ਰਤੀ ਜਨਤਕ ਹਮਾਇਤ ਪੈਦਾ ਕਰਨੀ ਚਾਹੁੰਦੀਆਂ ਹਨ। ਜਿਹੜੀ ਖ਼ਬਰ ਜਾਂ ਸੂਚਨਾ ਉਨ੍ਹਾਂ ਲਈ ਨੁਕਸਾਨਦਾਇਕ ਹੋਵੇ, ਉਸਨੂੰ ਦਬਾ ਕੇ ਅਤੇ ਆਪਣੀਆਂ ਕਾਮਯਾਬੀਆਂ ਜਾਂ ਲਾਭਦਾਇਕ ਪ੍ਰੋਗਰਾਮਾਂ ਨੂੰ ਉਜਾਗਰ ਕਰਕੇ ਉਹ ਅਜਿਹਾ ਕੁਝ ਕਰਦੀਆਂ ਹਨ। ਸ਼ਰੇਆਮ ਸੈਂਸਰਸ਼ਿਪ ਨਾਲ ਵਿਰੋਧੀ ਭੜਕਦੇ ਹਨ ਪਰੰਤੂ ਸੂਚਨਾ ਦਾ ਜੋੜ-ਤੋੜ ਅਜਿਹੀ ਕੁਸ਼ਲਤਾ ਨਾਲ ਕੀਤਾ ਜਾ ਸਕਦਾ ਹੈ ਜਿਸ ਨਾਲ ਲੋਕਾਂ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਕੀ ਹੋ ਰਿਹਾ ਹੈ ਜਾਂ

ਜੇਕਰ ਉਹ ਅਜਿਹਾ ਕਰਦੇ ਹਨ ਤਾਂ ਉਹ ਉਸਨੂੰ ਭੰਨ-ਤੋੜ ਕਰਨ ਵਾਲਿਆਂ ਦੀ ਜਾਇਜ਼ ਯੋਜਨਾ ਵਜੋਂ ਪ੍ਰਵਾਨ ਕਰਦੇ ਹਨ। ਦਰਅਸਲ, ਭੰਨ-ਤੋੜ ਇਕ ਪੁਰਾਣੇ ਫੈਸ਼ਨ ਦਾ ਸ਼ਬਦ ਹੈ - ਆਧੁਨਿਕ ਸ਼ਬਦਾਵਲੀ ਹੈ "ਨਿਊਜ਼ ਮੈਨੇਜਮੈਂਟ"।

"ਨਿਊਜ਼ ਮੈਨੇਜਮੈਂਟ" ਜੋ ਲੋਕ ਸੋਚਦੇ ਹਨ, ਨੂੰ ਕੰਟ੍ਰੋਲ ਕਰਨ ਲਈ ਬਹੁਤ ਸਾਰੀਆਂ ਕਾਰਵਾਈਆਂ ਵਿਚੋਂ ਇਕ ਕਾਰਵਾਈ ਹੈ। ਭਾਵੇਂ ਪਿਛਲੀ ਸਾਰੀ ਸਦੀ ਦੇ ਦੌਰਾਨ ਇਹ ਇਕ ਗੁੰਝਲਦਾਰ ਓਪਰੇਸ਼ਨ ਰਿਹਾ ਹੈ, ਫਿਰ ਵੀ ਇਸ ਖੇਤਰ ਵਿਚ ਬਹੁਤ ਜ਼ਿਆਦਾ ਪ੍ਰਗਤੀ ਕੀਤੀ ਗਈ ਹੈ ਅਤੇ ਅਜ ਲੋਕ ਸੰਪਰਕ ਮਾਹਰ ਉਹ ਕੁਝ, ਕੁਝ ਹੀ ਹਫ਼ਤਿਆਂ ਦੇ ਅੰਦਰ-ਅੰਦਰ ਪ੍ਰਾਪਤ ਕਰ ਲੈਂਦੇ ਹਨ ਜੋ ਸਟਾਲਿਨ ਚੈਕ ਅਤੇ ਏਜਿਟ-ਪਰੌਪ ਦੇ ਸਾਰੇ ਅਮਲੇ ਨਾਲ 30 ਸਾਲਾਂ ਦੇ ਸਮੇਂ ਅੰਦਰ ਪ੍ਰਾਪਤ ਨਾ ਕਰ ਸਕਿਆ।

"ਨਿਊਜ਼ ਮੈਨੇਜਮੈਂਟ" ਬਹੁਤ ਸਾਰੇ ਪੱਧਰਾਂ ਤੇ ਟੈਕਨਾਲੋਜੀ ਦੀ ਸਹਾਇਤਾ ਨਾਲ ਹੋਰ ਵੀ ਵਧੀਆ ਤਰੀਕੇ ਨਾਲ ਹੌਲੀ-ਹੌਲੀ ਵਧਦੀ ਹੈ। ਜਿਉਂ-ਜਿਉਂ "ਨਿਊਜ਼ ਮੈਨੇਜਮੈਂਟ" ਤੇ ਕੁਸ਼ਲਤਾ ਵਧਦੀ ਹੈ, ਇਹ ਕਹਿਣਾ ਹੋਰ ਅਤੇ ਹੋਰ ਮੁਸ਼ਕਲ ਹੋ ਜਾਂਦਾ ਹੈ ਜਦੋਂ ਇਕ ਸਰਕਾਰ ਜਾਇਜ਼ ਸਵੈ-ਪ੍ਰਗਤੀ ਅਤੇ ਸੰਪੂਰਣ ਰੂਪ ਵਿਚ ਸੂਚਿਤ ਕਰਨ ਲਈ ਮਾਸ-ਮੀਡੀਆ ਦੇ ਕਰਤਵ ਨਾਲ ਦਖ਼ਲ-ਅੰਦਾਜ਼ੀ ਦੇ ਦਰਮਿਆਨ ਲਾਈਨ ਨੂੰ ਪਾਰ ਕਰ ਜਾਂਦੀ ਹੈ।

ਸਪੱਸ਼ਟ ਰੂਪ ਵਿਚ, "ਨਿਊਜ਼ ਮੈਨੇਜਮੈਂਟ" ਅਜਿਹੀ ਸਥਿਤੀ ਵਿਚ ਬਹੁਤ ਜ਼ਿਆਦਾ ਅਸਰਦਾਰ ਹੁੰਦੀ ਹੈ ਜਿਸ ਵਿਚ ਕੇਵਲ ਇਕ ਏਜੰਸੀ ਮੈਨੇਜਿੰਗ ਦੀ ਕੋਸ਼ਿਸ਼ ਕਰ ਰਹੀ ਹੋਵੇ। ਜਦੋਂ ਦਰਸ਼ਕਾਂ ਨੂੰ ਬਹੁਤ ਸਾਰੇ "ਮੈਨੇਜਰਾਂ" ਨੂੰ ਸੁਣਨਾ ਪੈਂਦਾ ਹੈ ਤਾਂ ਉਹ ਦੁਚਿੱਤ, ਬੇਯਕੀਨੇ ਅਤੇ ਨਿਰਾਸ਼ ਹੋ ਜਾਂਦੇ ਹਨ।

ਕਈ ਲੋਕ ਇਹ ਦਲੀਲ ਦਿੰਦੇ ਹਨ ਕਿ ਕੇਵਲ ਇਕ, ਜਿਸ ਸਬੰਧੀ ਉਹ ਪੱਕੇ ਹੋ ਸਕਦੇ ਹੋਣ ਉਹ ਹੈ ਉਨ੍ਹਾਂ ਦਾ ਸਵੈ-ਹਿੱਤ ਅਤੇ ਗਰੁੱਪ ਪਹਿਚਾਣ, ਇਸ ਲਈ ਇਹ ਵਿਸ਼ਵਾਸ ਕਰਨਾ ਜ਼ਿਆਦਾ ਚੰਗਾ ਹੈ ਕਿ ਜੋ ਕੁਝ ਵੀ ਅਨਿਸ਼ਚਿਤ ਦੇ ਤੌਰ ਤੇ ਕਿਸੇ ਦੀ ਮਦਦ ਕਰਦਾ ਹੈ ਪਰੰਤੂ ਕੋਈ ਚਿੰਤਾ ਨਹੀਂ ਕਰਦਾ ਉਹ ਸੱਚਾ ਹੈ। ਜਦੋਂ ਮੀਡੀਆਂ ਦਾ ਉਦੇਸ਼ ਅਤੇ ਮਾਣ ਹੌਲੀ-ਹੌਲੀ ਖ਼ਤਮ ਹੋ ਜਾਂਦਾ ਹੈ ਤਾਂ ਇਹ ਸਭ ਤੋਂ ਵੱਧ ਖ਼ਤਰਨਾਕ ਗਿਰਾਵਟਾਂ ਵਿਚੋਂ ਇਕ ਹੈ।

ਇਕ-ਤੋਂ-ਇਕ ਸੰਚਾਰ ਪੱਧਰ ਤੇ, ਸੰਚਾਰ ਟੈਕਨਾਲੋਜੀ ਵਿਚ ਹਰ ਇਕ ਤਰੱਕੀ ਨਾਲ ਇਹ ਪਤਾ ਲਗਾਉਣਾ ਸੌਖਾ ਹੋ ਜਾਂਦਾ ਹੈ ਕਿ ਕੌਣ ਕਿਸ ਨੂੰ ਖ਼ਬਰ ਦੇ ਰਿਹਾ ਹੈ ਅਤੇ ਉਹ ਆਪਸ ਵਿਚ ਕੀ ਗਲਬਾਤ ਕਰ ਰਹੇ ਹਨ। ਹਰ ਰੋਜ਼ ਇਹ ਪਹਿਚਾਣ ਕਰਨਾ ਸੌਖਾ ਹੋ ਜਾਂਦਾ ਹੈ ਕਿ ਕੌਣ ਕਿਸ ਬਾਬਤ ਸੋਚ-ਵਿਚਾਰ ਕਰ ਰਿਹਾ ਹੈ। ਵਿਅੱਕਤੀਆਂ ਜਾਂ ਗਰੁੱਪਾਂ ਦੀ ਘੇਰਾਬੰਦੀ ਨੂੰ

ਇਕ ਸਾਧਨ ਵਜੋਂ ਉਚਿਤ ਠਹਿਰਾਇਆ ਜਾ ਸਕਦਾ ਹੈ ਜਿਸ ਰਾਹੀਂ ਰਾਜ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣਾ ਕਰਤੱਵ ਪੂਰਾ ਕਰਦਾ ਹੈ। ਪਰੰਤੂ ਜਦੋਂ ਇਸ ਸ਼ਕਤੀ ਦੀ ਬਿਨਾਂ ਰੋਕ ਵਰਤੋਂ ਕੀਤੀ ਜਾਂਦੀ ਹੈ, ਤਾਂ ਇਹ ਬੜੀ ਆਸਾਨੀ ਨਾਲ ਲਾਈਨ ਪਾਰ ਕਰਕੇ ਪ੍ਰੇਸ਼ਾਨੀ ਵਿਚ ਪਾਸ ਕਰਦੀ ਹੈ ਅਤੇ ਪ੍ਰਾਈਵੇਸੀ ਦੇ ਅਧਿਕਾਰ ਦੀ ਉਲੰਘਣਾ ਕਰ ਸਕਦੀ ਹੈ।

ਕਿਉਂਕਿ ਆਧੁਨਿਕ ਸੰਚਾਰ ਨੇ ਅਜੇ ਭਾਰਤ ਦੇ ਦਿਹਾਤੀ ਇਲਾਕਿਆਂ ਵਿਚ ਆਪਣਾ ਸਥਾਨ ਨਹੀਂ ਬਣਾਇਆ ਹੈ, ਇਸ ਲਈ ਇਕ ਪੇਂਡੂ ਮੀਡੀਆ ਦੇ ਦਾਅ-ਪੇਚਾਂ ਤੋਂ ਉਤਨਾ ਪ੍ਰਭਾਵਿਤ ਨਹੀਂ ਹੁੰਦਾ ਜਿਤਨਾ ਕਿ ਇਕ ਸ਼ਹਿਰ ਵਿਚ ਰਹਿਣ ਵਾਲਾ ਅਤੇ ਉਸ ਦੇ ਸੰਚਾਰ ਨੂੰ ਭੇਦਨਾ ਇੰਨਾ ਸੌਖਾ ਵੀ ਨਹੀਂ ਹੈ। 80ਵਿਆਂ ਦੇ ਅੱਧ ਵਿਚ, ਜਦੋਂ ਸਮੱਸਿਆ ਸ਼ੁਰੂ ਹੋਈ ਉਸ ਸਮੇਂ ਹੇਠਲੇ ਪੱਧਰ ਤੇ ਪੁਲਿਸ ਨੂੰ ਵੀ ਸੰਚਾਰ ਦੇ ਸਾਧਨ ਬਹੁਤ ਘੱਟ ਹੀ ਮੁਹੱਈਆ ਕੀਤੇ ਗਏ ਸਨ।

ਸੂਚਨਾ (ਖ਼ਬਰਾਂ) ਦੇ ਕੰਟ੍ਰੋਲ ਅਤੇ ਇਸਨੂੰ ਲੋਕਾਂ ਤਕ ਪਹੁੰਚਾਉਣ ਦੇ ਸੌਖ ਤੋਂ ਇਲਾਵਾ, ਸੂਚਨਾ ਨੂੰ ਪੇਸ਼ ਕਰਨ ਦਾ ਇਕ ਹੋਰ ਤਰੀਕਾ ਹੈ "ਇਕ ਰਸਤਾ" ਜਾਂ "ਦੋ ਰਸਤਾ"। ਦੋ-ਰਸਤੇ ਨਾਲੋਂ ਇਕ-ਰਸਤੇ ਨੂੰ ਅਮਲ ਵਿਚ ਲਿਆਉਣਾ ਆਸਾਨ ਹੈ। ਇਥੋਂ ਤਕ ਕਿ ਪ੍ਰਿੰਟ ਮੀਡੀਆ ਨਾਲੋਂ ਬ੍ਰਾਡਕਾਸਟ ਮੀਡੀਆ ਰਾਹੀਂ ਅਸਿੱਧੇ ਸੂਚਨਾ ਜ਼ਿਆਦਾ ਉਪਲੱਬਧ ਹੁੰਦੀ ਹੈ। ਦਰਸ਼ਕਾਂ ਪਾਸ ਦੋ ਚੋਣ ਹਨ: ਪਹਿਲੀ ਚੋਣ ਚਲਾਉਣ ਵਾਲੀ-ਬੰਦ ਕਰਨ ਵਾਲੀ ਨੌਬ ਰਾਹੀਂ ਪ੍ਰਾਪਤ ਹੁੰਦੀ ਹੈ ਅਤੇ ਦੂਸਰੀ ਚੋਣ ਚੈਨਲ ਸਿਲੈਕਟਰ ਰਾਹੀਂ ਪ੍ਰਾਪਤ ਹੁੰਦੀ ਹੈ। ਕੁਝ ਚਿਰ ਪਹਿਲਾਂ ਤਕ ਪਾਕਿਸਤਾਨ ਸੀਮਾ ਦੇ ਨਜ਼ਦੀਕ ਰਹਿ ਰਹੇ ਲੋਕ ਹੀ ਚੈਨਲ ਬਦਲਣ ਵਾਲੀ ਸਵਿਧਾ ਲੈ ਸਕਦੇ ਸਨ : ਉਹ ਦੋਨੋ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੁਆਰਾ ਪੇਸ਼ ਕੀਤੀਆਂ ਜਾ ਰਹੀਆਂ "ਖ਼ਬਰਾਂ / ਵਿਚਾਰ" ਸੁਣ-ਵੇਖ ਸਕਦੇ ਸਨ। ਬਹੁਤ ਸਾਰੇ ਲੋਕ ਦੋਨੋ ਦੇਸ਼ਾਂ ਦੀਆਂ ਖ਼ਬਰਾਂ / ਵਿਚਾਰ ਇਸ ਆਸ ਨਾਲ ਸੁਣ-ਵੇਖ ਲੈਂਦੇ ਸਨ ਕਿ ਹੋ ਸਕਦਾ ਹੈ ਕਿ ਵਧੇਰੇ ਤੂੜੀ 'ਚੋਂ ਉਨ੍ਹਾਂ ਨੂੰ ਵਧੇਰੇ ਦਾਣੇ ਲੱਭ ਜਾਣ।

ਰੇਡੀਓ ਸੁਣਨ ਵਾਲਿਆਂ ਕੋਲ ਸੁਣਨ ਲਈ ਜ਼ਿਆਦਾ ਚੈਨਲ ਹਨ। ਬੀ.ਬੀ.ਸੀ. ਦੀ ਮਹੱਤਤਾ ਦੇਸ਼ ਵਿਚ ਗੜਬੜ ਦੇ ਸਮੇਂ ਵੱਧੀ। 1988 ਵਿਚ ਅਮਰੀਕਾ ਵਿਚ ਜੰਮੇ ਇਕ ਭਾਰਤੀ ਸੰਪਾਦਕ ਨੇ ਬਟਾਲਾ ਜ਼ਿਲ੍ਹੇ ਦਾ ਦੌਰਾ ਕੀਤਾ ਅਤੇ ਹੋਰਨਾਂ ਚੀਜ਼ਾਂ ਦੇ ਨਾਲ-ਨਾਲ ਉਸ ਨੇ ਲੋਕਾਂ ਨੂੰ ਪੁੱਛਿਆ ਕਿ ਕਿਸ-ਕਿਸ ਜਗ੍ਹਾ ਰੇਡੀਓ ਤੇ ਬੀ.ਬੀ.ਸੀ. ਲਗਦਾ ਹੈ। ਹਰ ਇਕ ਵਿਅਕਤੀ ਨੂੰ ਇਸ ਬਾਰੇ ਪਤਾ ਸੀ। ਇਥੋਂ ਤਕ ਕਿ ਇਕ ਛੇ ਸਾਲਾਂ ਦੇ ਬੱਚੇ ਨੇ ਵੀ ਰੇਡੀਓ ਤੇ ਇਹ ਦੱਸ ਦਿੱਤਾ ਕਿ ਕਿਸ ਜਗ੍ਹਾ ਤੇ ਬੀ.ਬੀ.ਸੀ. ਲਗਦਾ ਹੈ।

ਕਿਉਂਕਿ ਇਹ ਰਾਜ ਵਿਚ ਹੀ ਚਲਾਏ ਜਾਣ ਵਾਲੇ ਮੀਡੀਆ ਹਨ, ਇਸ ਲਈ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਵਾਸਤੇ ਸਹੀ, ਮੁਕੰਮਲ

ਅਤੇ ਨਿਰਪੱਖ ਖ਼ਬਰਾਂ ਦੇਣਾ ਚੰਗੇ ਸਮਿਆਂ ਵਿਚ ਵੀ ਸ਼ੱਕ ਵਾਲੀ ਗੱਲ ਹੀ ਰਹੀ ਹੈ। "ਲੜਾਈ ਦੇ ਹਾਲਾਤ" ਵਿਚ ਭਾਰਤ ਸਰਕਾਰ ਦੇ ਹਿੱਤ ਸੱਚੀ ਰਿਪੋਰਟਿੰਗ ਦੇ ਕਿਸੇ ਵਾਇਦੇ ਨੂੰ ਰੱਦ ਕਰ ਦਿੰਦੇ ਹਨ।

ਓਪਰੇਸ਼ਨ ਬਲਿਊਸਟਾਰ ਇਕ ਅਜਿਹਾ ਪੁਆਇੰਟ ਸੀ ਜਦੋਂ ਅਕਾਲੀ ਪਾਰਟੀ ਅਤੇ ਕੇਂਦਰ ਵਿਖੇ ਕਾਂਗਰਸ ਦੀ ਸਰਕਾਰ ਵਿਚਲੀ ਰਾਜਸੀ ਲੜਾਈ ਇਕ ਜੰਗ ਵਿਚ ਬਦਲ ਗਈ। ਆਧੁਨਿਕ ਬੁਲਾਰਿਆਂ ਨੇ ਇਸ ਜੰਗ ਨੂੰ ਰਾਜ ਅਤੇ ਅੱਤਵਾਦ ਜਾਂ ਪੰਜਾਬ ਅਤੇ ਦਿੱਲੀ ਦਰਮਿਆਨ ਜੰਗ ਦੱਸਿਆ; ਅਤੇ ਘੱਟ ਚਲਾਕ ਬੁਲਾਰਿਆਂ ਨੇ ਇਸ ਨੂੰ ਹਿੰਦੂ ਅਤੇ ਸਿੱਖਾਂ ਦਰਮਿਆਨ ਲੜਾਈ ਦੱਸਿਆ। ਪਰੰਤੂ ਹਰ ਇਕ ਵਿਅੱਕਤੀ ਨੇ ਇਨ੍ਹਾਂ ਲੜਾਈ ਲੜਨ ਵਾਲਿਆਂ ਦੀ ਪਹਿਚਾਣ ਕਿਵੇਂ ਕੀਤੀ। ਹਰ ਇਕ ਨੇ ਮੰਨਿਆ ਕਿ ਜੰਗ ਸ਼ੁਰੂ ਹੋ ਗਈ ਹੈ - ਇਕ ਦੇਸ਼ ਦੇ ਸ਼ਹਿਰੀਆਂ ਦੀ ਘਰੇਲੂ ਜੰਗ।

ਲੜਾਈ ਵਿਚ, ਸੱਚਾਈ ਇਕ ਪਹਿਲੀ ਮੌਤ ਹੈ। ਕੇਂਦਰ ਸਰਕਾਰ ਦੀ ਸੱਚ ਅਤੇ ਉਚਿਤਤਾ ਵਿਚ ਦਿਲਚਸਪ ਨਹੀਂ ਸੀ ਅਤੇ ਬਲਿਊਸਟਾਰ ਦੇ ਸਮੇਂ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਤੋਂ ਬ੍ਰਾਡਕਾਸਟ ਨੇ ਇਸ ਮੰਤਵ ਨੂੰ ਪੂਰਾ ਕੀਤਾ।

3 ਜੂਨ, 1984 ਦੀ ਰਾਤ ਨੂੰ, ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਤੇ ਇਹ ਐਲਾਨ ਕਰ ਦਿੱਤਾ ਗਿਆ ਕਿ ਪੰਜਾਬ ਦੇ ਮਹੱਤਵਪੂਰਣ ਸ਼ਹਿਰਾਂ ਅਤੇ ਕਸਬਿਆਂ ਵਿਚ ਕਰਫ਼ਿਊ ਲਗਾ ਦਿੱਤਾ ਗਿਆ ਹੈ। ਕੇਵਲ ਬੀ.ਬੀ.ਸੀ/ ਦੇ ਬ੍ਰਾਡਕਾਸਟ ਤੋਂ ਬਾਅਦ ਹੀ ਅੰਮ੍ਰਿਤਸਰ ਵਿਖੇ ਇਸ ਦੇ ਇਕ ਪੱਤਰਕਾਰ ਦੇ ਇਹ ਤੱਥ ਕਿ ਸਾਰੇ ਪੰਜਾਬ ਦੇ ਵਿਚ ਕਰਫ਼ਿਊ ਲਗਾ ਦਿੱਤਾ ਗਿਆ ਹੈ, ਨੂੰ ਭਾਰਤ ਸਰਕਾਰ ਦੇ ਮੀਡੀਆ ਨੇ ਮੰਨਿਆ। 6 ਜੂਨ, 1984 ਨੂੰ ਪਹਿਲੇ ਇਕ ਬੁਲੇਟਿਨਾਂ ਵਿਚ ਇਹ ਬ੍ਰਾਡਕਾਸਟ ਕੀਤਾ ਗਿਆ ਸੀ ਕਿ 38 ਗੁਰਦੁਆਰਿਆਂ, 5 ਮੰਦਰਾਂ ਅਤੇ ਇਕ ਮਸਜਿਦ ਦੀ ਸੁਰੱਖਿਆ ਫੌਜੀਆਂ ਦੁਆਰਾ ਤਲਾਸ਼ੀ ਕੀਤੀ ਗਈ ਹੈ ਅਤੇ ਇਹ ਪ੍ਰਭਾਵ ਦਿੱਤਾ ਗਿਆ ਅਤੇ ਹਦਾਇਤ ਕੀਤੀ ਗਈ ਹੈ ਕਿ ਸਾਰੀਆਂ ਸੰਪ੍ਰਦਾਇਕ ਅਤੇ ਖਾੜਕੂ ਜੱਥੇਬੰਦੀਆਂ ਦੇ ਵਿਰੁੱਧ ਕਾਰਵਾਈ ਕੀਤੀ ਜਾਵੇ। ਬਾਅਦ ਵਿਚ ਜਿਹੜੇ ਬੁਲੇਟਿਨ ਜਾਰੀ ਕੀਤੇ ਗਏ ਉਨ੍ਹਾਂ ਵਿਚ ਮੰਦਰਾਂ ਅਤੇ ਮਸਜਿਦਾਂ ਦਾ ਕੋਈ ਹਵਾਲਾ ਨਹੀਂ ਸੀ। ਇਸ ਤੋਂ ਇਲਾਵਾ, "38" ਦਾ ਅੰਕੜਾ ਅਸਲ ਵਿਚ ਜਿਨ੍ਹਾਂ ਗੁਰਦੁਆਰਿਆਂ ਵਿਚ ਕਾਰਵਾਈ ਕੀਤੀ ਗਈ ਸੀ ਤੋਂ ਲਗਭਗ ਅੱਧਾ ਸੀ। ਅਸਲ ਵਿਚ 74 ਗੁਰਦੁਆਰਿਆਂ ਤੇ ਹਮਲਾ ਕੀਤਾ ਗਿਆ ਜਿਸ ਦੇ ਸਿੱਟੇ ਵਜੋਂ ਭਾਰੀ ਜਾਨੀ ਨੁਕਸਾਨ ਹੋਇਆ।

ਇਹ ਦੱਸਿਆ ਗਿਆ ਸੀ ਕਿ ਗੋਲਡਨ ਟੈਂਪਲ ਤੋਂ ਭਜਦੇ ਸਮੇਂ ਦੋ ਨਿਹੰਗਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ ਅਤੇ "ਡਾਕਟਰੀ ਪ੍ਰੀਖਿਆ ਕਰਨ ਤੇ" ਇਹ ਪਤਾ ਲੱਗਾ ਕਿ ਉਹ ਪਾਕਿਸਤਾਨੀ ਸਨ। ਸੁੰਨਤ

ਹੋਣ ਤੋਂ ਭਾਵ ਲਿਆ ਗਿਆ ਸੀ ਮੁਸਲਮਾਨ ਅਤੇ ਇਸ ਲਈ ਪਾਕਿਸਤਾਨੀ ਅਤੇ ਨਿਹੰਗਾਂ ਦੇ ਕਪੜਿਆਂ ਵਿਚ ਪਾਕਿਸਤਾਨ ਦਾ ਮਤਲਬ ਸੀ ਜਸੂਸ ਜਾਂ ਉਕਸਾਊ ਏਜੰਟ। ਸਿੱਖ ਅੱਤਵਾਦੀਆਂ ਅਤੇ ਪਾਕਿਸਤਾਨ ਦਰਮਿਆਨ ਸਬੰਧ "ਸਾਬਤ ਕਰਨ ਵਾਲੀਆਂ" ਅਜਿਹੀਆਂ ਖ਼ਬਰਾਂ ਕੇਵਲ ਹਿੰਦੂ ਸਰੋਤਿਆਂ ਦੇ ਡਰ ਦੀ ਪੁਸ਼ਟੀ ਹੀ ਕਰਦੀਆਂ ਸਨ।

ਐਪਰ ਇਹ ਗੱਲ ਬੜੀ ਚੰਗੀ ਤਰ੍ਹਾਂ ਪਤਾ ਹੈ ਕਿ ਭਾਰਤੀ ਤਸਕਰ ਸੁੰਨੱਤ ਹੋ ਜਾਂਦੇ ਹਨ ਤਾਂ ਕਿ ਜੇਕਰ ਉਹ ਪਾਕਿਸਤਾਨ ਵਿਚ ਫੜੇ ਜਾਣ ਤਾਂ ਮੁਸਲਮਾਨ ਲੱਗਣ। ਜਿਥੋਂ ਤਕ ਨਿਹੰਗਾਂ ਦੇ ਲਿਬਾਸ ਦੀ ਗੱਲ ਹੈ, ਨਿਹੰਗ ਦੀ ਪੁਸ਼ਾਕ ਪਹਿਨਣ ਦਾ ਇਹ ਮਤਲਬ ਨਹੀਂ ਕਿ ਕੋਈ ਵਿਅਕਤੀ ਨਿਹੰਗ ਹੈ, ਉਸੇ ਤਰ੍ਹਾਂ ਜਿਵੇਂ ਕੋਈ ਫੌਜੀ ਜਨਰਲ ਦੀ ਪੁਸ਼ਾਕ ਪਹਿਨਣ ਨਾਲ ਜਨਰਲ ਨਹੀਂ ਬਣ ਜਾਂਦਾ। ਇਨ੍ਹਾਂ ਦੋ ਵਿਅਕਤੀਆਂ ਬਾਰੇ ਸੱਚਾਈ ਗੈਰ-ਮਹੱਤਵਪੂਰਣ ਸੀ; ਪ੍ਰਸਾਰਣ ਉਚਿਤਤਾ ਸਬੰਧੀ ਸੀ, ਨਾ ਕਿ ਸਹੀ ਜਾਣਕਾਰੀ।

ਲਗਭਗ ਇਕ ਹਫ਼ਤੇ ਤੋਂ ਬਾਅਦ, ਜਦੋਂ ਦੁਬਾਰਾ ਖ਼ਬਰਾਂ ਛੱਪਣ ਦੀ ਇਜਾਜ਼ਤ ਦਿੱਤੀ ਗਈ ਅਤੇ ਨਾਮਾਨਿਗਾਰਾਂ ਨੂੰ ਖ਼ਬਰਾਂ ਇਕੱਠੀਆਂ ਕਰਨ ਦੀ ਖੁਲ੍ਹ ਹੋਈ, ਤਾਂ ਬਹੁਤ ਸਾਰੀਆਂ ਕਹਾਣੀਆਂ ਜਿਨ੍ਹਾਂ ਦਾ ਸਰਕਾਰੀ ਮੀਡੀਆ ਤੇ ਪ੍ਰਸਾਰਣ ਕੀਤਾ ਗਿਆ ਸੀ, ਦਾ ਖੰਡਣ ਕੀਤਾ ਗਿਆ ਸੀ। "ਕੋਈ ਵੀ ਵਿਅਕਤੀ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਦੀ ਦੇਹ ਦਾ ਕਲੇਮ ਕਰਨ ਨਾ ਆਇਆ" (ਆਲ ਇੰਡੀਆ ਰੇਡੀਓ).... "ਮਹਿਤਾ ਪਿੰਡ ਦੀ ਪੰਚਾਇਤ ਦੁਆਰਾ ਦਸਤਖ਼ਤ ਕੀਤੀ ਗਈ ਲਿਖਤੀ ਪ੍ਰਤੀਬੇਨਤੀ ਦੇ ਬਾਵਜੂਦ ਸਬੰਧਤ ਅਧਿਕਾਰੀਆਂ ਨੇ ਖਾੜਕੂ ਨੇਤਾ ਦੀ ਮ੍ਰਿਤਕ ਦੇਹ ਦੇਣ ਤੋਂ ਇਨਕਾਰ ਕਰ ਦਿੱਤਾ।" (**ਇੰਡੀਅਨ ਐਕਸਪ੍ਰੈਸ**)

ਭਾਰਤੀ ਫੌਜ ਦੇ ਸਾਬਕਾ ਮੇਜਰ ਜਨਰਲ ਅਤੇ ਭਿੰਡਰਾਂਵਾਲੇ ਦੇ ਸਾਥੀ ਸਰਦਾਰ ਸ਼ਬੇਗ ਸਿੰਘ ਜਿਨ੍ਹਾਂ ਦੀ ਭਿੰਡਰਾਂਵਾਲੇ ਦੇ ਨਾਲ ਹੀ ਗੋਲਡਨ ਟੈਂਪਲ ਵਿਚ ਮੌਤ ਹੋ ਗਈ ਸੀ, ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਤੇ ਉਸਨੂੰ "ਅਸੰਤੁਸ਼ਟ, ਰਾਸ਼ਟਰ-ਵਿਰੋਧੀ, ਦੇਸ਼-ਧਰੋਹੀ, ਜਿਸਨੂੰ ਪੈਸਾ ਦਿੱਤਾ ਗਿਆ ਸੀ, ਪਤਿਤ ਅਤੇ ਫੌਜ ਵਿਚੋਂ ਡਿਸਮਿਸ ਕੀਤਾ ਗਿਆ ਵਿਅੱਕਤੀ" ਵਜੋਂ ਵਰਣਨ ਕੀਤਾ ਗਿਆ ਸੀ। **ਇੰਡੀਅਨ ਐਕਸਪ੍ਰੈਸ** ਨੇ ਉਸ ਦੇ ਪਿਛੋਕੜ ਦੀ ਜਾਂਚ-ਪੜਤਾਲ ਕੀਤੀ ਅਤੇ ਇਹ ਪਾਇਆ ਕਿ ਲਖਨਊ ਵਿਚ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਵਿਚ ਸੀ ਬੀ ਆਈ ਦੁਆਰਾ ਉਸ ਵਿਰੁੱਧ ਦਾਇਰ ਕੀਤੀਆਂ ਗਈਆਂ ਦੋ ਚਾਰਜ-ਸ਼ੀਟਾਂ ਸਾਬਤ ਨਹੀਂ ਸਨ ਹੋਈਆਂ ਅਤੇ ਉਸਨੂੰ ਬਰੀ ਕਰ ਦਿੱਤਾ ਗਿਆ ਸੀ। ਇਨ੍ਹਾਂ ਦੋਸ਼ਾਂ ਤੋਂ ਮੁਕਤ ਹੋਣ ਅਤੇ ਆਪਣੀ ਸ਼ਲਾਘਾਯੋਗ ਸੇਵਾ ਦੇ ਕਾਰਣ, ਕਈ ਤਮਗਿਆਂ ਨਾਲ ਸਨਮਾਨਿਤ ਸ਼ਬੇਗ ਸਿੰਘ ਦਾ ਪੂਰੇ ਮਿਲਟਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ।

ਕਈ ਵਾਰੀ ਸਰਕਾਰੀ ਮੀਡੀਆ ਨੇ "ਦੁਸ਼ਮਣਾਂ" ਵਿਰੁੱਧ ਭਾਵਨਾਵਾਂ

ਬਣਾਉਣ ਲਈ ਅਜਿਹਾ ਕੰਮ ਕੀਤਾ ਕਿ ਬਿਲਕੁਲ ਗਲਤ ਬਿਆਨਾਂ ਦਾ ਪ੍ਰਸਾਰਣ ਕੀਤਾ ਗਿਆ ਜਿਨ੍ਹਾਂ ਤੋਂ ਸਰਕਾਰ ਨੂੰ ਬਾਅਦ ਵਿਚ ਖ਼ੁਦ ਇਨਕਾਰੀ ਹੋਣਾ ਪਿਆ। ਗੋਲਡਨ ਟੈਂਪਲ ਵਿਚੋਂ ਮੀਡੀਅਮ ਮਸ਼ੀਨ ਗੰਨਾਂ ਲੱਭੀਆਂ ਗਈਆਂ ਸਨ" (ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ)... ਕੇਂਦਰ ਸਰਕਾਰ ਦੇ ਵਾਈਟ ਪੇਪਰ ਵਿਚ ਇਸ ਗੱਲ ਦਾ ਖੰਡਣ ਕੀਤਾ ਗਿਆ। "ਹਸ਼ੀਸ਼ ਸਮੇਤ ਤਸਕਰ ਕੀਤੀਆਂ ਗਈਆਂ ਨਸ਼ੀਲੀਆਂ ਦਵਾਈਆਂ ਬਹੁਤ ਸਾਰੀ ਮਾਤਰਾ ਵਿਚ ਗੋਲਡਨ ਟੈਂਪਲ ਵਿਚੋਂ ਪਾਈਆਂ ਗਈਆਂ" (ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ)... ਸਰਕਾਰ ਨੇ ਇਸਤੋਂ ਉਸ ਸਮੇਂ ਇਨਕਾਰ ਕੀਤਾ ਜਦੋਂ ਬੀ.ਐਸ.ਐਫ. ਨੇ ਇਹ ਵਿਰੋਧ ਕੀਤਾ ਕਿ ਅਜਿਹੀਆਂ ਮਨਘੜੰਤ ਖ਼ਬਰਾਂ ਨਾਲ ਬੀ.ਐਸ.ਐਫ. ਦੀ ਬਦਨਾਮੀ ਹੁੰਦੀ ਹੈ।

ਗੋਲਡਨ ਟੈਂਪਲ ਤੇ ਹਮਲਾ ਅਤੇ ਇਸਦੇ ਵਿਰੁੱਧ ਪ੍ਰਚਾਰ ਨਾਲ ਸਿੱਖਾਂ ਤੇ ਬਹੁਤ ਜ਼ਿਆਦਾ ਅਸਰ ਹੋਇਆ - ਇਥੋਂ ਤਕ ਕਿ ਮਨੋਵਿਗਿਆਨੀਆਂ ਦੁਆਰਾ ਇਸ ਦਾ ਡੂੰਘਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਬਹੁਤ ਸਾਰੇ ਸਿੱਖਾਂ ਨੇ ਹਰ ਤਰ੍ਹਾਂ ਦੀਆਂ ਸਮਾਜਿਕ ਸਰਗਰਮੀਆਂ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਅਤੇ ਇਕ ਤਰ੍ਹਾਂ ਦੇ ਸੋਗ ਵਿਚ ਡੁੱਬ ਗਏ, ਹੋਰਨਾਂ ਨੇ ਇਸ ਨੂੰ ਸ਼ਹਾਦਤ ਲਈ ਤਿਆਰੀ ਲਈ ਸੱਦੇ ਵਜੋਂ ਲਿਆ ਅਤੇ ਹਰ ਪਾਸੇ ਕੇਸਰੀ ਪੱਗਾਂ ਨਜ਼ਰ ਆਉਣ ਲੱਗੀਆਂ। ਕਈ ਹੋਰ - ਵਿਸ਼ੇਸ਼ ਕਰਕੇ ਔਰਤਾਂ - ਹਿਸਟੀਰੀਆਈ ਢੰਗ ਨਾਲ ਗੱਲਾਂ ਕਰਨ ਲੱਗ ਪਏ ਅਤੇ ਕਈ ਅਜੀਬੋਗਰੀਬ ਕਹਾਣੀਆਂ ਸੁਣਨ 'ਚ ਆਈਆਂ : ਵੱਖ-ਵੱਖ ਗੁਰਦੁਆਰਿਆਂ ਦੇ ਉਤੇ ਬਾਜ਼ ਬੈਠੇ ਦਿਖਾਈ ਦਿੱਤੇ ਦੱਸੇ ਗਏ; ਕਈ ਕਿਸਮ ਦੀਆਂ ਭਵਿਖ-ਬਾਣੀਆਂ ਅਤੇ ਸਰਾਪਾਂ ਦੀਆਂ ਵੀ ਗੱਲਾਂ ਹੋਈਆਂ ਜੋ ਉਨ੍ਹਾਂ ਵਿਅਕਤੀਆਂ ਨੂੰ ਲੱਗਣਗੇ ਜੋ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨਗੇ। ਬਹੁਤ ਸਾਰੇ ਬਜ਼ੁਰਗ ਲੋਕਾਂ, ਜੋ ਓਪਰੇਸ਼ਨ ਬਲਿਊਸਟਾਰ ਤੋਂ ਪਹਿਲਾਂ ਆਪਣੀ ਉਮਰ ਦੇ ਹਿਸਾਬ ਨਾਲ ਸਿਹਤ ਦੇ ਪੱਖੋਂ ਕਾਫੀ ਠੀਕ ਸਨ, ਵਿਚ ਜਿਊਣ ਦੀ ਇੱਛਾ ਜਿਵੇਂ ਖ਼ਤਮ ਹੀ ਹੋ ਗਈ ਅਤੇ ਉਹ ਕੁਝ ਹੀ ਮਹੀਨਿਆਂ ਵਿਚ ਪਰਲੋਕ ਸਿਧਾਰ ਗਏ।

ਖ਼ਬਰਾਂ ਦੇ ਪ੍ਰਸਾਰਣ ਵਿਚ ਇਹ ਦੱਸਿਆ ਗਿਆ ਸੀ ਕਿ "ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ" ਪਰੰਤੂ ਯਾਤਰੂਆਂ ਨੇ 300 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਅਤੇ ਟੁੱਟੀਆਂ ਖਿੜਕੀਆਂ ਵੇਖੀਆਂ ਅਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਹਰਿਮੰਦਰ ਸਾਹਿਬ ਦੇ ਅੰਦਰ ਬੈਠੇ ਇਕ ਗਰੰਥੀ ਨੂੰ ਬਾਹਰੋਂ ਇਕ ਗੋਲੀ ਲੱਗਣ ਕਾਰਣ ਉਸ ਦੀ ਮੌਤ ਹੋ ਗਈ ਸੀ। ਸਭ ਤੋਂ ਗੰਭੀਰ ਗੱਲ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖਾਂ ਦੀ ਅੰਜੀਲ (ਬਾਈਬਲ), ਵਿਚ ਵੀ ਇਕ ਗੋਲੀ ਦਾ ਨਿਸ਼ਾਨ ਸੀ। ਹਰਿਮੰਦਰ ਸਾਹਿਬ ਨੂੰ ਜੋ ਨੁਕਸਾਨ ਹੋਇਆ ਉਸ ਨਾਲ ਸਿੱਖਾਂ ਨੂੰ ਡੂੰਘਾ ਸਦਮਾ ਪੁੱਜਾ ਅਤੇ ਇਸ ਨੁਕਸਾਨ ਬਾਰੇ ਝੂਠ ਦੱਸੇ

ਜਾਣ ਨੇ ਉਨ੍ਹਾਂ ਨੂੰ ਜੁਦਾ ਕਰ ਦਿੱਤਾ।

ਇਕ ਸੀਨੀਅਰ ਪੁਲਿਸ ਅਫ਼ਸਰ ਵੇਦ ਮਰਵਾਹ, ਜੋ ਪੰਜਾਬ ਦੇ ਮਾਮਲਿਆਂ ਸਬੰਧੀ ਇੰਦਰਾ ਗਾਂਧੀ ਦੇ ਨਜ਼ਦੀਕੀ ਸਲਾਹਕਾਰਾਂ ਵਿਚੋਂ ਇਕ ਸੀ, ਦੀ ਰਾਏ ਵਿਚ ਸਾਰੀ ਸਿੱਖ ਕੌਮ ਨੇ ਗੋਲਡਨ ਟੈਂਪਲ ਤੇ ਇਸ ਹਮਲੇ ਨੂੰ ਸਿੱਖ ਕੌਮ ਤੇ ਹਮਲਾ ਸਮਝਿਆ। ਸਿੱਖਾਂ ਵਿਚੋਂ ਬਹੁਤ ਸਾਰੇ ਲੋਕਾਂ ਨੇ ਭਾਰਤ ਸੰਘ ਨਾਲ ਆਪਣੇ ਸਾਰੇ ਰਿਸ਼ਤੇ ਤੋੜਨ ਦੀ ਕਸਮ ਖਾ ਲਈ।" (ਮਰਵਾਹ ਦੀ ਪੁਸਤਕ, "**ਅਨਸਿਵਿਲ ਵਾਰਜ਼**", ਇੰਡਸ ਪਬਲਿਸ਼ਰਜ਼, ਨਵੀਂ ਦਿੱਲੀ, 1995, ਵਿਚੋਂ)।

ਬਲਿਊਸਟਾਰ ਤੋਂ ਛੇ ਮਹੀਨੇ ਬਾਅਦ, 31 ਅਕਤੂਬਰ, 1984 ਨੂੰ ਉਸਦੇ ਸਿੱਖ ਸੁਰੱਖਿਆ ਗਾਰਡਾਂ ਦੁਆਰਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ। ਫਿਰ ਦੁਬਾਰਾ ਸਰਕਾਰੀ ਮੀਡੀਆ ਨੇ ਕੇਵਲ ਇਸ ਅਪਰਾਧ ਪ੍ਰਤੀ ਨਹੀਂ ਸਗੋਂ ਆਮ ਤੌਰ ਤੇ ਸਿੱਖਾਂ ਦੇ ਪ੍ਰਤੀ ਲੋਕਾਂ ਦੇ ਮਨ ਵਿਚ ਨਫ਼ਰਤ ਪੈਦਾ ਕਰਨ ਦੀ ਸੋਚੀ ਸਮਝੀ ਕਾਰਵਾਈ ਕੀਤੀ। ਤਿੰਨ ਦਿਨ, ਦੂਰਦਰਸ਼ਨ ਤੇ ਪ੍ਰਧਾਨ ਮੰਤਰੀ ਦੀ ਮ੍ਰਿਤਕ ਦੇਹ ਨੂੰ ਵਿਖਾਉਂਦੇ ਰਹੇ ਅਤੇ ਸਿੱਖਾਂ ਦੇ ਵਿਰੁੱਧ ਸਪੱਸ਼ਟ ਹਿੰਸਾ ਨੂੰ ਉਤਸ਼ਾਹ ਦੇਣ ਵਾਲੇ ਨਾਹਰੇ ਕਿ "ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ" ਨੂੰ ਸਰਕਾਰ ਬੰਦ ਨਹੀਂ ਕਰ ਸਕੀ।

ਇਕ ਰਿਟਾਇਰਡ ਪੁਲਿਸ ਅਫ਼ਸਰ ਐਨ.ਐਸ. ਸਕਸੈਨਾ ਨੇ ਬਾਅਦ ਵਿਚ ਲਿਖਿਆ ਕਿ ਜੇਕਰ ਦੂਰਦਰਸ਼ਨ ਨੇ 31 ਅਕਤੂਬਰ ਦੀ ਰਾਤ ਨੂੰ ਲੁੱਟ-ਮਾਰ ਕਰਨ ਵਾਲੇ ਗਰੋਹ ਤੇ ਹੋ ਰਹੀ ਪੁਲਿਸ ਗੋਲਾਬਾਰੀ ਅਤੇ ਹਿੰਸਾ ਨੂੰ ਟੀ.ਵੀ. ਤੇ ਲੋਕਾਂ ਨੂੰ ਵਿਖਾਇਆ ਹੁੰਦਾ ਤਾਂ ਬਹੁਤ ਸਾਰੇ ਲੋਕਾਂ ਨੇ ਗੁੱਸੇ ਵਿਚ ਹਿੰਸਾ ਤੇ ਉਤਰ ਆਉਣਾ ਸੀ, ਲੁੱਟ-ਮਾਰ ਕਰਨ ਵਾਲਿਆਂ ਨਾਲ ਬੜੀ ਸਖ਼ਤੀ ਨਾਲ ਪੇਸ਼ ਆਉਣਾ ਸੀ। ਜਿੰਨਾ ਚਿਰ ਦੰਗੇ ਖ਼ਤਮ ਨਹੀਂ ਹੋਏ, ਭਾਵੇਂ ਕਿ ਇਹ ਕੰਮ ਲਗਾਤਾਰ ਤਿੰਨ ਦਿਨ ਚਲਦਾ ਰਿਹਾ, ਪ੍ਰਸਾਰਣ ਮੀਡੀਆ ਨੇ ਇਸ ਨੂੰ ਲੋਕਾਂ ਤਕ ਬਿਲਕੁਲ ਨਹੀਂ ਪਹੁੰਚਾਇਆ।

ਦੂਸਰੇ ਪਾਸੇ, ਰਾਜੀਵ ਗਾਂਧੀ ਦੀ ਸਪੀਚ ਜਿਸ ਵਿਚ ਉਸ ਨੇ ਹਿੰਸਕ ਪ੍ਰਤਿਕਰਮ ਨੂੰ ਇਹ ਕਹਿੰਦਿਆਂ ਉਚਿਤ ਠਹਿਰਾਇਆ ਸੀ ਕਿ "ਜਦੋਂ ਕੋਈ ਵੱਡਾ ਦਰੱਖਤ ਗਿਰਦਾ ਹੈ, ਤਾਂ ਧਰਤੀ ਕੰਬਦੀ ਹੈ" ਨੂੰ ਬਾਰ-ਬਾਰ ਬ੍ਰਾਡਕਾਸਟ ਕੀਤਾ ਗਿਆ।

ਬਲਿਊਸਟਾਰ ਅਤੇ (ਇੰਦਰਾ ਗਾਂਧੀ ਦੀ) ਹੱਤਿਆ ਦੀ ਮੀਡੀਆ ਦੁਆਰਾ ਕਵਰੇਜ ਦਾ ਜ਼ਿਕਰ ਮੁੱਖ ਤੌਰ ਤੇ ਇਸ ਲਈ ਕੀਤਾ ਗਿਆ ਹੈ ਕਿਉਂਕਿ ਇਹ ਘਟਨਾਵਾਂ ਬੜੇ ਵੱਡੇ ਪੈਮਾਨੇ ਤੇ ਸਨ ਅਤੇ ਇਹ ਦੇਸ਼ ਦੇ ਸਾਰੇ ਕੋਨਿਆਂ ਤੇ ਪੁੱਜੀਆਂ, ਫਿਰ ਵੀ ਇਨ੍ਹਾਂ ਦਾ ਕਾਫੀ ਚੰਗੀ ਤਰ੍ਹਾਂ ਨਿਰੂਪਣ ਕੀਤਾ ਗਿਆ ਹੈ ਕਿ ਸਰਕਾਰ ਦੀ ਅਪਰੋਚ ਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ। ਇਸ ਅਪਰੋਚ ਨੂੰ ਲੈ ਕੇ 3650 ਦਿਨਾਂ ਨਾਲ ਗੁਣਾ ਕਰੋ ਅਤੇ ਤੁਹਾਡੇ

ਪਾਸ ਆਲ ਇੰਡੀਆ ਰੇਡੀਓ/ਦੂਰਦਰਸ਼ਨ ਸਟਾਈਲ ਦੀ "ਵਾਰ ਰਿਪੋਰਟਿੰਗ" ਦੇ ਦਸ ਸਾਲ ਉਘੜ ਆਉਂਦੇ ਹਨ। ਸਰਕਾਰੀ ਮੀਡੀਆ ਕਦੇ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਕੀ ਚੀਜ਼ ਪ੍ਰਸਾਰਿਤ ਕਰਨੀ ਹੈ ਅਤੇ ਕਿਸ ਤਰ੍ਹਾਂ ਪ੍ਰਸਾਰਿਤ ਕਰਨੀ ਹੈ ਦੀ ਚੋਣ, ਬਿਨਾਂ ਇਹ ਧਿਆਨ ਵਿਚ ਰੱਖੇ ਕਿ ਸੱਤਾਧਾਰੀ ਪਾਰਟੀ ਕਿਹੜੀ ਹੈ, ਕੀਤੀ ਜਾਂਦੀ ਹੈ। ਉਨ੍ਹਾਂ ਦੁਆਰਾ ਕੀਤੀ ਗਈ ਕਵਰੇਜ ਕਾਂਗਰਸ ਪਾਰਟੀ ਅਤੇ ਉਸਦੀ ਸਰਕਾਰ ਦੇ ਸਿੱਖ-ਵਿਰੋਧੀ ਰਵੱਈਏ ਦਾ ਇਕ ਅਜਿਹਾ ਸਬੂਤ ਹੈ ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਪ੍ਰਿੰਟ ਮੀਡੀਆ ਦੀ ਭੂਮਿਕਾ ਨਾ ਤਾਂ ਸਰਕਾਰ ਦੇ ਪ੍ਰਸਾਰਣ ਮੀਡੀਆ ਵਾਂਗ ਇਕਸਾਰ ਹੁੰਦੀ ਹੈ ਨਾ ਹੀ ਇਹ ਇਕ-ਤਰਫਾ ਹੁੰਦੀ ਹੈ। ਪਾਠਕਾਂ ਦੁਆਰਾ ਸੰਪਾਦਕ ਨੂੰ ਡਾਕ ਰਾਹੀਂ ਵਿਅਕਤ ਕੀਤੀਆਂ ਜਾਂਦੀਆਂ ਆਪਣੀਆਂ ਰਾਵਾਂ ਅਤੇ ਤਵੱਕੋ ਅਤੇ ਇਸ ਤੋਂ ਵੀ ਜ਼ਿਆਦਾ ਉਨ੍ਹਾਂ ਦੀ ਪ੍ਰਕਾਸ਼ਨ ਨੂੰ ਖਰੀਦਣ ਦੀ ਇੱਛਾ, ਦਾ ਅਖ਼ਬਾਰਾਂ ਅਤੇ ਰਸਾਲਿਆਂ ਨੂੰ ਚਲਾਉਣ ਵਾਲੇ ਲੋਕਾਂ ਤੇ ਵੱਡਾ ਅਸਰ ਪੈਂਦਾ ਹੈ।

ਇਸ ਦੇ ਨਾਲ ਹੀ, ਭਾਰਤ ਵਿਚ ਪ੍ਰਕਾਸ਼ਨ ਰਾਜ ਅਤੇ ਕੇਂਦਰ ਸਰਕਾਰਾਂ ਤੇ ਇਸ਼ਤਿਹਾਰਾਂ ਅਤੇ ਅਖ਼ਬਾਰੀ ਕਾਗਜ਼ ਲਈ ਬਹੁਤ ਜ਼ਿਆਦਾ ਨਿਰਭਰ ਹੁੰਦੇ ਹਨ। ਜਿੰਨੀ ਜ਼ਿਆਦਾ ਸਰਕੁਲੇਸ਼ਨ ਹੋਵੇਗੀ, ਉਤਨੇ ਹੀ ਜ਼ਿਆਦਾ ਉਹ ਸਰਕਾਰ ਤੇ ਨਿਰਭਰ ਹੋਣਗੇ। ਕਿਉਂ ਜੋ ਪ੍ਰਿੰਟ ਮੀਡੀਆ ਨੂੰ ਅਜੇ ਵੀ ਕਾਫੀ ਹੱਦ ਤਕ ਉੱਚੇ ਦਰਜੇ ਦੀ ਪ੍ਰਤੀਤ ਪ੍ਰਾਪਤ ਹੈ, ਅਤੇ ਆਮ ਆਦਮੀ ਇਹੀ ਸੋਚਦਾ ਹੈ ਕਿ ਇਹ ਗੱਲ ਸੱਚ ਹੈ ਕਿਉਂਕਿ "ਮੈਂ ਅਖ਼ਬਾਰ ਵਿਚ ਪੜ੍ਹਿਆ ਸੀ", ਇਸ ਲਈ ਇਸ ਮੀਡੀਆ ਵਿਚ ਕੀ ਛੱਪਦਾ ਹੈ ਅਤੇ ਕੀ ਨਹੀਂ ਛੱਪਦਾ ਸਰਕਾਰ ਲਈ ਬਹੁਤ ਮਹੱਤਵਪੂਰਣ ਹੁੰਦਾ ਹੈ।

ਇਸ ਸਬੰਧੀ ਭਾਰਤ ਦੀ "ਖ਼ਬਰ ਪ੍ਰਣਾਲੀ" ਬਾਰੇ ਕੁਝ ਸ਼ਬਦ ਕਹਿਣੇ ਉਚਿਤ ਹੋਣਗੇ। ਸਭ ਤੋਂ ਪਹਿਲਾਂ, ਕੁਝ ਕੁ ਨੂੰ ਛੱਡ ਕਿ, ਵਧੇਰੇ ਕਰਕੇ ਵੱਡੇ ਭਾਰਤੀ ਅਖ਼ਬਾਰਾਂ ਦੀਆਂ ਪ੍ਰੈਸਾਂ ਅਤੇ ਮੁੱਖ ਸੰਪਾਦਕੀ ਅਦਾਰੇ ਦਿੱਲੀ ਵਿਚ ਹਨ। ਛੋਟੇ ਅਖਬਾਰ ਰਾਜਾਂ ਦੀਆਂ ਰਾਜਧਾਨੀਆਂ ਵਿਚ ਸਥਾਪਿਤ ਹਨ। ਇਸ ਦਾ ਕਾਰਣ ਇਹ ਹੈ ਕਿ ਵਧੇਰੇ ਕਰਕੇ, ਭਾਰਤ ਵਿਚ ਖ਼ਬਰਾਂ ਉਪਰਲੇ ਪ੍ਰਸ਼ਾਸਨ ਅਤੇ ਪਾਰਟੀ ਕਾਰਜਕਰਤਾਵਾਂ ਤੋਂ ਹੇਠਾਂ ਵਲ ਆਉਂਦੀਆਂ ਹਨ। ਹੇਠਲੇ ਪੱਧਰ ਤੇ ਵਾਪਰ ਰਹੀਆਂ ਘਟਨਾਵਾਂ ਦੀ ਗੈਰ-ਮਹੱਤਤਾ ਦਾ ਪ੍ਰਗਟਾਅ "ਸਟਰਿੰਗਰ" ਦੀ ਸੰਸਥਾ ਤੋਂ ਹੁੰਦਾ ਹੈ। ਯਕੀਨੀ ਤੌਰ ਤੇ, ਕਿਸੇ ਸਟਰਿੰਗਰ (ਪੱਤਰ-ਪ੍ਰੇਰਕ) ਨੂੰ ਬਹੁਤ ਹੀ ਥੋੜ੍ਹੀ ਮਾਸਕ ਫ਼ੀਸ ਅਤੇ ਪ੍ਰਕਾਸ਼ਿਤ ਕੀਤੀ ਗਈ ਸਮੱਗਰੀ ਦੇ ਕਾਲਮ ਇੰਚ ਦੇ ਆਧਾਰ ਤੇ ਰਕਮ ਅਦਾ ਕੀਤੀ ਜਾਂਦੀ ਹੈ।

ਰੁਚੀ ਸਮੂਹਿਕ ਤੌਰ ਤੇ ਜ਼ਿਆਦਾਤਰ ਇਸ ਚੀਜ਼ ਤੇ ਕੇਂਦਰਿਤ ਹੁੰਦੀ ਹੈ ਕਿ ਪਾਰਟੀਆਂ ਅਤੇ ਪ੍ਰਸ਼ਾਸਨ ਕੀ ਕਹਿੰਦਾ ਹੈ ਅਤੇ ਕੀ ਕਰਦਾ ਹੈ।

ਸਰਕਾਰੀ ਕਰਮਚਾਰੀ, ਵਿਸ਼ੇਸ਼ ਕਰਕੇ ਹੇਠਲੇ ਪੱਧਰ ਦੇ, ਪ੍ਰੈਸ ਨਾਲ ਗੱਲਬਾਤ ਕਰਨ ਲਈ ਅਨੁਸ਼ਾਸਕੀ ਕਾਰਵਾਈ ਦੇ ਭਾਗੀਦਾਰ ਬਣਦੇ ਹਨ। ਰਿਪੋਰਟਰ ਇਧਰ-ਉਧਰ ਇਸ ਕਰਕੇ ਨਹੀਂ ਭਜਦਾ-ਫਿਰਦਾ ਕਿ ਪਤਾ ਲਗਾਏ ਕਿ ਕੀ ਹੋ ਰਿਹਾ ਹੈ, ਉਹ ਇਧਰ-ਉਧਰ ਉਨ੍ਹਾਂ ਲੋਕਾਂ ਨੂੰ ਲਭਦਾ ਫਿਰਦਾ ਹੈ ਜੋ ਉਸ ਨੂੰ ਕਹਾਣੀਆਂ ਦੇਣਗੇ। ਅਖ਼ਬਾਰਾਂ ਵਿਚ ਬਹੁਤ ਘੱਟ ਅਜਿਹਾ ਕੁਝ ਛੱਪਦਾ ਹੈ ਜੋ ਕਿ ਕਿਸੇ ਦੁਆਰਾ ਕਿਸੇ ਹਿੱਤ ਨੂੰ ਪੂਰਾ ਕਰਨ ਖ਼ਾਤਰ “ਪਲਾਂਟ” ਨਾ ਕੀਤਾ ਗਿਆ ਹੋਵੇ।

ਜ਼ਿਲ੍ਹਾ ਪੱਧਰ ਜਾਂ ਉਸਤੋਂ ਵੀ ਹੇਠਲੇ ਪੱਧਰ ਤੇ ਰਿਪੋਰਟਰਾਂ ਨੂੰ ਉਨ੍ਹਾਂ ਆਧਾਰਾਂ ਤੇ ਕਹਾਣੀਆਂ ਫਾਈਲ ਕਰਨ ਲਈ ਉਤਸਾਹਿਤ ਨਹੀਂ ਕੀਤਾ ਜਾਂਦਾ ਕਿ ਆਮ ਸਾਧਾਰਣ ਲੋਕੀ ਕੀ ਕਹਿ ਰਹੇ ਹਨ ਜਾਂ ਕਰ ਰਹੇ ਹਨ ਜਾਂ ਉਨ੍ਹਾਂ ਨਾਲ ਕੀ ਵਾਪਰ ਰਿਹਾ ਹੈ, ਕਿਉਂਕਿ (1) “ਨਾਵਾਂ ਨਾਲ ਹੀ ਖ਼ਬਰਾਂ ਬਣਦੀਆਂ ਹਨ” ਅਤੇ (2) ਜੇਕਰ ਉਹ ਆਮ ਸਾਧਾਰਣ ਵਿਅਕਤੀ ਦੇ ਪੱਧਰ ਤੋਂ ਕਿਸੇ ਗੱਲ ਬਾਰੇ ਕਹਾਣੀ ਫਾਈਲ ਕਰਦੇ ਹਨ ਅਤੇ ਬਾਅਦ ਵਿਚ ਕੋਈ “ਅਥਾਰਟੀ” ਉਸ ਤੋਂ ਇਨਕਾਰੀ ਹੋ ਜਾਂਦਾ ਹੈ ਤਾਂ ਰਿਪੋਰਟਰ ਦਾ ਵਕਾਰ ਘਟੇਗਾ ਅਤੇ ਜਦੋਂ ਬਾਅਦ ਵਿਚ ਉਸ ਰਿਪੋਰਟਰ ਨੂੰ ਉਸ “ਅਥਾਰਟੀ” ਪਾਸੋਂ ਕੋਈ ਖ਼ਬਰ ਪ੍ਰਾਪਤ ਕਰਨੀ ਹੋਵੇਗੀ, ਤਾਂ ਉਹ ਅਫ਼ਸਰ ਉਸ ਨਾਲ ਸਹਿਯੋਗ ਨਹੀਂ ਕਰੇਗਾ।

ਭਾਰਤ ਵਿਚ ਸਭ ਤੋਂ ਵੱਧ ਸਰਕੁਲੇਸ਼ਨ ਵਾਲੀਆਂ ਅਖਬਾਰਾਂ ਦੇ ਮਾਲਕ ਵੱਡੇ-ਵੱਡੇ ਵਪਾਰਕ ਅਦਾਰੇ ਹਨ: ਟਾਟਾਜ਼ (**ਸਟੇਟਸਮੈਨ**), ਸਾਹੂ-ਜੈਨਜ਼ (**ਟਾਈਮਜ਼ ਆਫ਼ ਇੰਡੀਆ**) ਬਿਰਲਾਜ਼ (**ਹਿੰਦੁਸਤਾਨ ਟਾਈਮਜ਼**), ਥਾਪੜਜ਼ (**ਪਾਇਨਿਅਰ**), ਗੋਇਨਕਾਜ਼ (**ਇੰਡੀਅਨ ਐਕਸਪ੍ਰੈਸ**)। **ਦਿ ਟ੍ਰਿਬਿਊਨ**, ਪੰਜਾਬ ਦੇ ਖੇਤਰ ਵਿਚ ਚਲ ਰਿਹਾ ਮੁਕਾਬਲਤਨ ਇਕ ਛੋਟਾ ਅਖਬਾਰ, ਇਕ ਨਿਵੇਕਲਾ ਉਦਾਹਰਣ ਹੈ। ਇਹ ਅਖਬਾਰ ਇਕ ਪ੍ਰਗਤੀਵਾਦੀ ਸਿੱਖ ਦੁਆਰਾ ਸ਼ੁਰੂ ਕੀਤਾ ਗਿਆ ਸੀ ਪਰ ਹੁਣ ਇਹ ਇਕ ਟਰੱਸਟ ਦੁਆਰਾ ਚਲਾਇਆ ਜਾ ਰਿਹਾ ਹੈ ਜਿਸ ਵਿਚ ਪੂਰਣ ਰੂਪ ਵਿਚ ਹਿੰਦੂ ਅਫ਼ਸਰ ਹੀ ਹਨ। ਇਸ ਦਾ ਕਦੇ ਵੀ ਕੋਈ ਸਿੱਖ ਸੰਪਾਦਕ ਨਹੀਂ ਰਿਹਾ। ਇਸ ਗੱਲ ਤੋਂ ਬਹੁਤੇ ਲੋਕ ਜਾਣੂੰ ਨਹੀਂ ਹਨ, ਪਰ ਭਾਰਤ ਦੇ ਸਭ ਤੋਂ ਵੱਧ ਸਰਕੁਲੇਸ਼ਨ ਵਾਲੇ ਅਖਬਾਰਾਂ ’ਚੋਂ ਇਕ, ਦਿ ਹਿੰਦੁਸਤਾਨ ਟਾਈਮਜ਼, ਆਜ਼ਾਦੀ ਤੋਂ ਪੂਰਵ ਇਕ ਸਿੱਖ ਦੁਆਰਾ ਅਕਾਲੀ ਪਾਰਟੀ ਦੀ ਤਰਫੋਂ ਸ਼ੁਰੂ ਕੀਤਾ ਗਿਆ ਸੀ।

ਕਿਸੇ ਸਿੱਖ ਦੁਆਰਾ ਚਲਾਇਆ ਜਾ ਰਿਹਾ ਸੱਭ ਤੋਂ ਵੱਡੀ ਸਰਕੁਲੇਸ਼ਨ ਵਾਲਾ ਅਖ਼ਬਾਰ ਹੈ ‘**ਰੋਜ਼ਾਨਾ ਅਜੀਤ**’ ਜੋ ਕਿ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਿਤ ਹੁੰਦਾ ਹੈ ਪਰੰਤੂ ਇਸਦੇ ਸਰਕੁਲੇਸ਼ਨ ਦੇ ਅੰਕੜੇ ਰਾਸ਼ਟਰੀ-ਪੱਧਰ ਤੇ ਸਰਕੁਲੇਟ ਹੋਣ ਵਾਲੀਆਂ ਅਖਬਾਰਾਂ ਦੇ ਮੁਕਾਬਲੇ ਬਹੁਤ ਹੀ ਛੋਟੇ ਹਨ। ਸਿੱਖਾਂ ਦੁਆਰਾ ਚਲਾਈਆਂ ਜਾ ਰਹੀਆਂ ਹੋਰ ਅਖਬਾਰਾਂ ਤਾਂ ਬਹੁਤ ਛੋਟੀਆਂ ਹਨ ਜਿਨ੍ਹਾਂ ਦੀ

ਸਰਕੁਲੇਸ਼ਨ ਵੱਧ ਤੋਂ ਵੱਧ ਕੁਝ ਹਜ਼ਾਰ ਕਾਪੀਆਂ ਤਕ ਹੀ ਹੁੰਦੀ ਹੈ।

ਸਿੱਖਾਂ ਦੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਕਦੇ ਵੀ ਬਹੁਤੇ ਅਖਬਾਰ ਜਾਂ ਪ੍ਰਕਾਸ਼ਨ ਹੋਂਦ ਵਿਚ ਨਹੀਂ ਆਏ ਪਰੰਤੂ ਇਸ ਦਹਾਕੇ ਦੇ ਅੰਤ ਤਕ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਕੁ ਅਖਬਾਰ ਜੋ ਉਸ ਸਮੇਂ ਹੋਂਦ ਵਿਚ ਸਨ ਉਨ੍ਹਾਂ ਸਬੰਧੀ ਵੀ ਹੱਥਬਦਲੀ ਦੀ ਕਾਰਵਾਈ ਚੱਲ ਰਹੀ ਸੀ। ਇਹ ਵਿਸ਼ਵਾਸ ਕੀਤੇ ਜਾਣ ਲਈ ਕਾਰਣ ਹਨ ਕਿ ਉਨ੍ਹਾਂ ਅਖਬਾਰਾਂ 'ਚੋਂ ਕਈਆਂ ਦੇ ਖਰੀਦੇ ਜਾਣ ਲਈ ਰਾਜ ਸਰਕਾਰ ਦੁਆਰਾ ਮੁਹੱਈਆ ਕੀਤੀ ਗਈ। ਇਹ ਅਜੀਬ ਗੱਲ ਹੈ ਕਿ ਜਿਹੜੇ ਅਖਬਾਰ ਖਰੀਦ ਲਏ ਗਏ ਹਨ, ਉਹ ਅਤਿ ਰੈਡੀਕਲ ਬਣ ਗਏ। ਜੇਕਰ ਕੋਈ ਇਹ ਜਾਣਨਾ ਚਾਹੇ ਕਿ ਵਧੇਰੇ ਤੀਬਰ ਸਿੱਖ ਖਾੜਕੂਵਾਦ ਵਲ ਕੌਣ ਆਕਰਸ਼ਿਤ ਹੁੰਦਾ ਹੈ, ਤਾਂ ਅਜਿਹੇ ਅਖਬਾਰ ਦੇ ਪਾਠਕਾਂ ਦੀ ਸੂਚੀ ਨੂੰ ਵਾਚ ਲੈਣਾ ਹੀ ਕਾਫੀ ਹੋਵੇਗਾ ... ਅਤੇ ਸ਼ਾਇਦ ਇਸ ਤੋਂ ਸਹਿਜੇ ਹੀ ਉਨ੍ਹਾਂ ਵਿਅਕਤੀਆਂ ਜਿਨ੍ਹਾਂ ਕੋਲ ਅਚਾਨਕ ਬਹੁਤ ਪੈਸਾ ਆ ਗਿਆ ਦੁਆਰਾ ਪ੍ਰਕਾਸ਼ਨਾਂ ਦੀ ਖਰੀਦ ਅਤੇ ਇਨ੍ਹਾਂ ਦੇ ਵਧੇਰੇ ਵਿਹੁ ਵਾਲੇ ਪ੍ਰਕਾਸ਼ਨਾਂ ਵਿਚ ਤਬਦੀਲੀ ਸਪੱਸ਼ਟ ਹੋ ਜਾਂਦੇ ਹਨ।

ਕਿਸੇ ਅਖਬਾਰ ਦੀਆਂ ਮਾਲਕੀਅਤੀ ਵਿਸ਼ੇਸ਼ਤਾਈਆਂ ਜਾਂ ਕਿਸੇ ਨਾਮਾਨਿਗਾਰ ਦਾ ਨਿੱਜੀ ਸਭਿਆਚਾਰਕ ਪਿਛੋਕੜ ਇਹ ਨਿਰਧਾਰਿਤ ਕਰਨ ਵਿਚ ਕਿ ਕੀ ਰਿਪੋਰਟ ਕੀਤਾ ਜਾਂਦਾ ਹੈ ਜਾਂ ਕੀ ਨਹੀਂ ਰਿਪੋਰਟ ਕੀਤਾ ਜਾਂਦਾ, ਵਿਚ ਕੁਝ ਰੋਲ ਅਦਾ ਕਰ ਸਕਦੇ ਹਨ, ਪਰ ਇਹ ਸਮੁੱਚੀ ਖ਼ਬਰ ਪ੍ਰਣਾਲੀ ਦੀ ਮੁੱਢਲੀ ਸੇਧ ਨਾਲੋਂ ਕਿਤੇ ਘੱਟ ਮਹੱਤਵਪੂਰਣ ਹਨ। ਜਦੋਂ ਕੋਈ ਪੰਜਾਬ ਵਿਚ ਪਿਛਲੇ 10 ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ ਦੀ ਰਿਪੋਰਟਿੰਗ ਤੇ ਝਾਤ ਮਾਰਦਾ ਹੈ, ਤਾਂ ਸਿੱਖਾਂ ਪਾਸ ਇਸ ਸਬੰਧੀ ਸ਼ਿਕਾਇਤ ਲਈ ਕਾਫੀ ਕੁਝ ਹੈ ਅਤੇ ਆਪਣਾ ਨੁਕਤਾ ਸਿੱਧ ਕਰਨ ਲਈ ਪੱਖਪਾਤੀ ਰਿਪੋਰਟਿੰਗ ਅਤੇ ਫਿਰਕੂਵਾਦ ਨੂੰ ਭੜਕਾਉਣ ਵਾਲੀਆਂ ਸੰਪਾਦਕੀਆਂ ਦੀਆਂ ਅਣਗਿਣਤ ਉਦਾਹਰਣਾਂ ਹਨ। ਪਰੰਤੂ ਅਸਲੀਅਤ ਇਹ ਹੈ ਕਿ ਖ਼ਬਰ ਪ੍ਰਣਾਲੀ ਵਿਸ਼ੇਸ਼ ਤੌਰ ਤੇ ਸਿੱਖਾਂ ਵਿਰੁੱਧ ਕੇਂਦਰਿਤ ਨਹੀਂ ਹੈ ਪਰ ਇਸ ਵਿਚੋਂ ਹਰ ਉਸ ਵਿਅਕਤੀ ਨੂੰ ਕੱਢ ਦਿੱਤਾ ਜਾਂਦਾ ਹੈ ਜਿਸਦੇ ਕੰਮਕਾਰ ਦਾ ਖੇਤਰ ਹੇਠਲੇ ਪੱਧਰ ਦਾ ਹੈ ... ਅਰਥਾਤ ਦਲਿਤ, ਦਿਹਾਤੀ ਵਰਗ ਦੇ ਲੋਕ, ਕਾਰੀਗਰ, ਆਦਿਕ।

ਘਟਨਾਵਾਂ ਦੇ ਬ੍ਰਾਡਕਾਸਟ ਮੀਡੀਆ ਦੁਆਰਾ ਵਰਣਨ ਅਤੇ ਅਖਬਾਰਾਂ ਵਿਚ ਉਨ੍ਹਾਂ ਨੂੰ ਕਿਸ ਤਰ੍ਹਾਂ ਛਾਪਿਆ ਜਾਂਦਾ ਹੈ ਵਿਚ ਫਰਕ ਬਾਰੇ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ। ਜਿਥੋਂ ਤਕ ਵੱਡੀਆਂ ਅਖਬਾਰਾਂ ਦਾ ਤੁਆਲੱਕ ਹੈ, ਪੰਜਾਬ ਵਿਚ ਘਟਨਾਵਾਂ ਬਾਰੇ ਜ਼ਿਆਦਾਤਰ ਖ਼ਬਰਾਂ ਇਕੋ ਜਿਹੀਆਂ ਹੀ ਹੁੰਦੀਆਂ ਹਨ। ਇਹ ਇਸ ਕਰਕੇ ਹੁੰਦਾ ਹੈ ਕਿ ਸਾਰੇ ਰਿਪੋਰਟਰਜ਼ ਆਪਣੀਆਂ ਕਹਾਣੀਆਂ ਉਨ੍ਹਾਂ ਹੀ ਪੁਲਿਸ ਜਾਂ ਸਰਕਾਰੀ ਪ੍ਰੈਸ ਨੋਟਸ ਤੇ ਆਧਾਰਿਤ ਕਰਦੇ

ਹਨ ਅਤੇ ਉਹ ਉਹੀ ਪ੍ਰੈਸ ਕਾਨਫਰੈਂਸਾਂ ਅਟੈਂਡ ਕਰਦੇ ਹਨ। ਕੁਝ ਇਕ ਵਾਰ ਕਿਸੇ ਅਖਬਾਰ ਦੇ ਕੋਈ ਵਿਸ਼ੇਸ਼ ਝੁਕਾਅ ਰਿਪੋਰਟਰਾਂ ਦੁਆਰਾ ਫਾਈਲ ਕੀਤੀਆਂ ਜਾਂਦੀਆਂ ਕਹਾਣੀਆਂ ਵਿਚ ਝਲਕ ਪੈਂਦੇ ਹਨ। ਜ਼ਿਆਦਾ ਵਧੇਰੇ ਕਰਕੇ, ਸਬ-ਐਡੀਟਰ ਦੇ ਨਿੱਜੀ ਝੁਕਾਅ ਦਾ ਅਸਰ ਕਿਸੇ ਕਹਾਣੀ ਦੀ ਐਡੀਟਿੰਗ, ਹੈੱਡ-ਲਾਈਨ ਦੇਣ ਅਤੇ ਅਖਬਾਰ ਵਿਚ ਉਸ ਨੂੰ ਥਾਂ ਦੇਣ ਦੇ ਤਰੀਕੇ ਤੇ ਪੈਂਦਾ ਹੈ।

ਇਕ ਕਹਾਣੀ ਜੋ ਅਖਬਾਰ ਦੀ ਸੋਚਣੀ ਦੀ ਸਥਿਤੀ ਨੂੰ ਦਰਸਾਉਂਦੀ ਹੈ ਦਾ ਉਦਾਹਰਣ ਉਹ ਰਿਪੋਰਟ ਹੈ ਜੋ ਕਿ ਇਕ ਹਿੰਦੀ ਮਾਸਕ ਰਸਾਲੇ, **ਭੂ-ਭਾਰਤੀ** ਵਿਚ, ਓਪਰੇਸ਼ਨ ਬਲਿਊਸਟਾਰ ਤੋਂ ਤੁਰਤ ਬਾਅਦ ਪ੍ਰਕਾਸ਼ਿਤ ਕੀਤੀ ਗਈ। ਇਕ ਬਾਕਸ ਵਿਚ ਦਿੱਤੀ ਗਈ ਕਹਾਣੀ ਵਿਚ, ਇਹ ਦੱਸਿਆ ਗਿਆ ਕਿ ਗੋਲਡਨ ਟੈਂਪਲ ਕੰਪਲੈਕਸ ਵਿਚ ਨੰਗੀਆਂ ਅਤੇ ਗਰਭਵਤੀ ਔਰਤਾਂ ਪਾਈਆਂ ਗਈਆਂ ਸਨ। ਰਿਪੋਰਟਰ ਨੇ ਅੰਮ੍ਰਿਤਸਰ ਵਿਚ ਫੈਲੀਆਂ ਹੋਈਆਂ ਅਫਵਾਹਾਂ ਵਿਚੋਂ ਇਕ ਨੂੰ ਇਸ ਤਰ੍ਹਾਂ ਫਾਈਲ ਕੀਤਾ ਸੀ ਜਿਵੇਂ ਕਿ ਉਹ ਜਾਂਚੀ-ਪੜਤਾਲੀ ਹਕੀਕਤ ਹੋਵੇ। ਜਦੋਂ ਇਹ ਕਹਾਣੀ ਪ੍ਰੈਸ ਵਿਚ ਛਪੀ, ਇਹ ਕਾਫੀ ਭੜਕਾਊ ਹੋਣ ਕਰਕੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇਕ ਬਿਆਨ ਜਾਰੀ ਕਰਨਾ ਪਿਆ ਕਿ ਉਥੇ ਕੋਈ ਨੰਗੀਆਂ ਔਰਤਾਂ ਨਹੀਂ ਸਨ ਮਿਲੀਆਂ ਅਤੇ ਜੋ ਔਰਤਾਂ ਉਥੋਂ ਹਿਰਾਸਤ ਵਿਚ ਲਈਆਂ ਗਈਆਂ ਸਨ ਉਹ ਕੇਵਲ ਦਰਬਾਰ ਸਾਹਿਬ ਪਰਿਸਰ ਵਿਚ ਨਿਵਾਸ ਕਰਦੇ ਐਸ ਜੀ ਪੀ ਸੀ ਦੇ ਮੁਲਾਜ਼ਮਾਂ ਦੀਆਂ ਪਤਨੀਆਂ, ਬੇਟੀਆਂ ਜਾਂ ਰਿਸ਼ਤੇਦਾਰ ਸਨ। ਇਹ ਸਪੱਸ਼ਟੀਕਰਨ 6 ਅਗਸਤ, 1984 ਦੇ **ਇੰਡੀਅਨ ਐਕਸਪ੍ਰੈਸ** ਵਿਚ ਛਾਪਿਆ ਗਿਆ, ਪਰ ਇਸਨੂੰ ਭੂ-ਭਾਰਤੀ ਨੇ ਕਦੀ ਵੀ ਨਹੀਂ ਛਾਪਿਆ।

ਇਕ ਹੋਰ ਉਦਾਹਰਣ ਕਿ ਸੰਪਾਦਕੀ ਵਿਵਹਾਰ ਕਿਵੇਂ ਖ਼ਬਰਾਂ ਨੂੰ ਹੋਰ ਦੀ ਹੋਰ ਹੀ ਰੰਗਤ ਦੇ ਦਿੰਦਾ ਹੈ, **ਟਾਈਮਜ਼ ਆਫ਼ ਇੰਡੀਆ** ਤੋਂ ਪ੍ਰਾਪਤ ਹੁੰਦੀ ਹੈ। 4 ਅਗਸਤ, 1984 ਨੂੰ, ਇਸ ਅਖ਼ਬਾਰ ਦੇ ਪਹਿਲੇ ਪੰਨੇ ਤੇ ਸੁਰਖ਼ੀਆਂ ਵਿਚ ਛਾਪਿਆ ਗਿਆ: "ਦੋ ਸਿੱਖਾਂ ਦੁਆਰਾ ਬਸ ਹਾਈਜੈਕ, ਲੜਕੇ ਦਾ ਅਪਹਰਣ। ਤੱਥ ਇਹ ਸਨ: ਦੋ ਆਦਮੀ, ਜਿਨ੍ਹਾਂ 'ਚੋਂ ਇਕ ਨੇ ਪਗੜੀ ਬੰਨ੍ਹੀ ਹੋਈ ਸੀ, ਅਤੇ ਦੂਜਾ ਮੋਨਾ ਸੀ (ਦੋਹਾਂ 'ਚੋਂ ਕਿਸੇ ਨੂੰ ਵੀ ਸਿੱਖ ਦੇ ਹੋਣ ਵਜੋਂ ਪੱਕੇ ਤੌਰ ਤੇ ਸ਼ਨਾਖ਼ਤ ਨਹੀਂ ਸੀ ਕੀਤਾ ਜਾ ਸਕਦਾ), ਨੇ ਬਸ ਹਾਈਜੈਕ ਕਰ ਲਈ ਸੀ ਅਤੇ ਉਨ੍ਹਾਂ ਨੇ ਬੱਚੇ ਦਾ ਅਪਹਰਣ ਕਰ ਲਿਆ ਸੀ, ਜੋ ਕਿ ਇਕ ਸਿੱਖ ਸੀ। ਬਾਅਦ ਵਿਚ, ਇਹ ਇੰਕਸ਼ਾਫ ਹੋਇਆ ਕਿ ਇਕ ਪਹਿਲਾਂ ਰਹੇ ਨੌਕਰ ਜਿਸਨੂੰ ਪਰਿਵਾਰ ਨੇ ਕੱਢ ਦਿੱਤਾ ਸੀ, ਨੇ ਫਿਰੌਤੀ ਲਈ ਬੱਚੇ ਦਾ ਅਪਹਰਣ ਕਰ ਲਿਆ ਸੀ।

"**ਪੰਜਾਬ ਇਨ ਇੰਡੀਅਨ ਪੌਲਿਟਿਕਸ**" (ਅਮਰੀਕ ਸਿੰਘ, ਸੰਪਾਦਕ) ਵਿਚ ਲੇਖ ਲਿਖਦਿਆਂ ਪ੍ਰੀਤਮ ਸਿੰਘ ਨੇ ਇਸ ਕਹਾਣੀ ਦਾ ਵਿਸ਼ਲੇਸ਼ਣ ਕੀਤਾ, ਜਿਸ ਵਿਚ ਇਸ ਦੀਆਂ ਸੁਰਖੀਆਂ ਸਿੱਖਾਂ ਦਾ ਬਿੰਬ ਜਨੂਨੀ ਵਾਂਗ ਦਰਸਾਉਂਦੀਆਂ

ਹਨ ਜੋ ਕਿ ਬੱਚਿਆ ਨੂੰ ਵੀ ਨਹੀਂ ਬਖ਼ਸ਼ਦੇ। ਉਸ ਨੇ ਲਿਖਿਆ ਕਿ ਜਿਸ ਵਕਤ ਕਹਾਣੀ ਭੇਜੀ ਗਈ ਸੀ, ਉਸ ਵੇਲੇ ਤਕ ਅਪਹਰਣ ਕਰਨ ਵਾਲਿਆਂ ਦੀ ਸ਼ਨਾਖ਼ਤ ਵੀ ਪੱਕੇ ਤੌਰ ਤੇ ਨਹੀਂ ਸੀ ਹੋਈ ਤਾਂ ਵੀ **ਟਾਈਮਜ਼ ਆਫ਼ ਇੰਡੀਆ** ਦੀਆਂ ਸੁਰਖੀਆਂ ਨੇ ਦੋਹਾਂ ਵਿਅਕਤੀਆਂ ਨੂੰ ਸਿੱਖਾਂ ਵਜੋਂ ਘੋਸ਼ਿਤ ਕਰ ਦਿੱਤਾ; ਬੱਚੇ ਸਬੰਧੀ ਪਤਾ ਸੀ ਕਿ ਉਹ ਸਿੱਖ ਹੈ ਪਰ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਗਿਆ। ਉਸ ਨੇ ਸੁਝਾਅ ਦਿੱਤਾ ਕਿ ਇਸ ਕਹਾਣੀ ਦੀ ਸੁਰਖੀ ਇਸ ਤਰ੍ਹਾਂ ਹੋ ਸਕਦੀ ਸੀ : "ਸਕੂਲ ਬਸ ਹਾਈਜੈਕ, ਸਿੱਖ ਬੱਚੇ ਦਾ ਅਪਹਰਣ", ਜਿਸ ਵਿਚ ਸਿੱਖ ਸ਼ਿਕਾਰ ਹੈ, ਨਾ ਕਿ ਹਮਲਾਵਰ। ਉਸ ਨੇ ਲਿਖਿਆ ਕਿ ਖ਼ਬਰ ਦੇ ਦੂਜੇ ਢੰਗ ਨਾਲ ਛਾਪਣ ਤੋਂ ਇਕ ਜਾਣਬੁਝ ਕੇ ਖੇਡੀ ਗਈ ਫਿਰਕੂ ਰਾਜਨੀਤਿਕ ਚਾਲ ਦਾ ਪਤਾ ਲਗਦਾ ਹੈ।

'ਹੈਂਡ-ਆਊਟ ਜਰਨਲਿਜ਼ਮ' ਸਭ ਤੋਂ ਸੁਖਾਲਾ ਰਾਹ ਦਰਸਾਉਂਦਾ ਹੈ : ਇਸ ਵਿਚ ਕੋਈ ਜ਼ਹਿਨੀ ਜਾਂ ਜਿਸਮਾਨੀ ਥਕਾਨ ਨਹੀਂ, ਅਫਵਾਹ ਜਾਂ ਝੂਠ ਤੋਂ ਤੱਥ ਨੂੰ ਲੱਭਣ ਵਿਚ ਗਲਤੀ ਕਰਨ ਦਾ ਕੋਈ ਖ਼ਤਰਾ ਨਹੀਂ, ਕੋਈ ਮੁੱਕਰ ਜਾਣਾ ਨਹੀਂ, ਹੱਤਕ ਇੱਜ਼ਤ ਦਾ ਮੁਕੱਦਮਾ ਨਹੀਂ, ਅਜਿਹੇ ਸੋਮਿਆਂ ਜਿਨ੍ਹਾਂ ਦੀ ਭਵਿੱਖ ਵਿਚ ਲੋੜ ਪੈ ਸਕਦੀ ਹੈ ਨਾਲ ਵਿਰੋਧਤਾ ਨਹੀਂ, ਅਜਿਹੇ ਸੋਮਿਆਂ ਨਾਲ ਵਿਰੋਧਤਾ ਨਹੀਂ ਜੋ ਕਿਸੇ ਵਿਅਕਤੀ ਨੂੰ 'ਗਾਇਬ' ਕਰਵਾ ਸਕਦੇ ਹਨ।

ਉਨ੍ਹਾਂ ਕਹਾਣੀਆਂ ਤੇ ਰੁਟੀਨ ਨਿਰਭਰਤਾ ਜੋ ਪੱਤਰਕਾਰਾਂ ਨੂੰ ਜਿਵੇਂ ਤਸ਼ਤਰੀ ਵਿਚ ਪਰੋਸੀਆਂ ਜਾਂਦੀਆਂ ਹਨ, ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਸ਼ਾਸਨ, ਪੁਲਿਸ ਅਤੇ ਸਿਆਸਤਦਾਨਾਂ ਲਈ ਭਰਮਾਊ ਜਾਣਕਾਰੀ ਦੀ ਮੁਹਿੰਮ ਚਲਾਉਣਾ ਆਸਾਨ ਕਿਉਂ ਹੈ।

ਭਰਮਾਊ ਜਾਣਕਾਰੀ ਦੀ ਇਕ ਮਿਸਾਲ ਇਕ ਪੱਤਰ ਹੈ ਜੋ ਕਿ ਡਾਇਰੈਕਟਰ, ਇੰਟੈਲੀਜੈਂਸ ਬਿਊਰੋ ਦੁਆਰਾ ਅਕਾਲ ਤਖ਼ਤ ਦੇ ਜੱਥੇਦਾਰ ਦੀ ਯੂ.ਕੇ. ਯਾਤਰਾ ਦੇ ਸਬੰਧ ਵਿਚ 1994 ਵਿਚ ਲੰਡਨ ਵਿਚ ਭਾਰਤੀ ਹਾਈ ਕਮਿਸ਼ਨਰ ਨੂੰ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ। ਹਾਈ ਕਮਿਸ਼ਨਰ ਨੂੰ ਇਹ ਕਿਹਾ ਗਿਆ ਸੀ ਕਿ ਉਹ ਜੱਥੇਦਾਰ ਨੂੰ ਸਾਰੀਆਂ ਸਹੂਲਤਾਂ ਅਤੇ ਸਹਾਇਤਾ ਪ੍ਰਦਾਨ ਕਰਨ। ਬਾਅਦ ਵਿਚ ਉਹ ਚਿੱਠੀ ਨਕਲੀ ਸਾਬਤ ਹੋਈ - ਪਰ ਇਸ ਤੋਂ ਪਹਿਲਾਂ ਕੁਝ ਇਕ ਅਖ਼ਬਾਰਾਂ ਇਸ ਨੂੰ ਇਕ ਸਨਸਨੀਖ਼ੇਜ਼ ਖ਼ਬਰ ਵਜੋਂ ਸੁਰਖੀਆਂ ਵਿਚ ਛਾਪ ਚੁਕੇ ਸਨ।

ਨਿਸ਼ਚਿਤ ਰੂਪ ਵਿਚ, ਕਿਸੇ ਰਿਪੋਰਟਰ ਲਈ ਇਹ ਇਕ ਚੰਗੀ ਚਾਲ ਹੈ ਕਿ ਕਦੇ ਕਦਾਈਂ ਉਹ ਥੋੜ੍ਹੀ-ਬਹੁਤ ਕੋਸ਼ਿਸ਼ ਕਰਕੇ ਕੋਈ ਅਜਿਹੀਆਂ ਖ਼ਬਰਾਂ ਫਾਈਲ ਕਰੇ ਜਿਨ੍ਹਾਂ ਨਾਲ ਸਰਕਾਰ ਛਿੱਥੀ ਪਵੇ ਜਾਂ ਪਰੇਸ਼ਾਨ ਹੋਵੇ। ਜਿੰਨਾ ਵਧੇਰੇ ਕੋਈ ਸ਼ੋਰ ਪਾ ਸਕਦਾ ਹੈ, ਉਤਨੀ ਹੀ ਵੱਧ ਉਹ ਚੁੱਪ ਰਹਿਣ ਲਈ ਆਪਣੀ ਕੀਮਤ ਪਾ ਸਕਦਾ ਹੈ। ਇਸ ਤੋਂ ਉਭਰਦਾ ਹੈ "ਪੱਤਰਕਾਰਾਂ ਨੂੰ ਖ਼ਰੀਦਣ" ਦਾ ਮਸਲਾ। ਭਾਵੇਂ ਸਰਕਾਰ ਅਤੇ ਪਾਰਟੀਆਂ ਦੀ ਇਸ ਚਾਲ

ਨੂੰ ਕੋਈ ਕਿੰਨਾ ਵੱਧ ਨਿੰਦੇ, ਪਰ ਇਹ ਵੀ ਕਿਹਾ ਜਾ ਸਕਦਾ ਹੈ ਕਿ ਬਹੁਤ ਸਾਰੇ ਪੱਤਰਕਾਰ ਖਰੀਦੇ ਜਾਣ ਵਿਚ ਬੁਹਤ ਖ਼ੁਸ਼ ਹੁੰਦੇ ਹਨ ਅਤੇ ਬਹੁਤ ਸਾਰੇ ਪੱਤਰਕਾਰ ਜਿਨ੍ਹਾਂ ਦੀ ਇਮਾਨਦਾਰੀ ਨੂੰ ਖ਼ਰੀਦਿਆ ਨਹੀਂ ਸੀ ਗਿਆ, ਬਹੁਤ ਨਾ-ਖ਼ੁਸ਼ ਹੁੰਦੇ ਹਨ ਅਤੇ ਉਹ ਇਸ ਨੂੰ ਪੇਸ਼ੇ ਵਿਚ ਆਪਣੇ ਵਕਾਰ ਦਾ ਅਕਸ ਸਮਝਦੇ ਹਨ।

ਪੱਤਰਕਾਰਾਂ ਲਈ ਰਾਜ, ਪੁਲਿਸ, ਸਿਆਸਤਦਾਨਾਂ ਜਾਂ ਨਿੱਜੀ ਹਿੱਤਾਂ ਦੁਆਰਾ ਦਿੱਤੀਆਂ ਜਾਂਦੀਆਂ ਵੱਡੀਆਂ-ਵੱਡੀਆਂ ਪਾਰਟੀਆਂ ਅਤੇ ਕਈ ਤਰ੍ਹਾਂ ਦਿੱਤੀਆਂ ਜਾਂਦੀਆਂ ਸੌਗਾਤਾਂ ਸਵੀਕਾਰ ਕਰਨਾ ਇਤਨਾ ਰੁਟੀਨ ਬਣ ਗਿਆ ਹੈ ਕਿ ਇਸ ਪ੍ਰਥਾ ਨੂੰ ਹੁਣ ਅਨੈਤਿਕ ਨਹੀਂ ਸਮਝਿਆ ਜਾਂਦਾ। ਚੰਡੀਗੜ੍ਹ ਵਿਚ ਤਾਇਨਾਤ ਲਗਭਗ ਸਾਰੇ ਰਿਪੋਰਟਰ, ਸਰਕਾਰੀ ਕਰਮਚਾਰੀਆਂ ਲਈ ਬਣਾਏ ਗਏ ਕਵਾਟਰਾਂ ਵਿਚ ਰਹਿੰਦੇ ਹਨ। ਉਹ ਬਿਲਕੁਲ ਥੋੜ੍ਹਾ ਜਿਹਾ ਕਿਰਾਇਆ ਦੇ ਕੇ ਵੱਡੇ-ਵੱਡੇ ਬੰਗਲਿਆਂ ਵਿਚ ਰਹਿੰਦੇ ਹਨ ਜੋ ਕਿ ਰਾਜ ਦੇ ਉੱਚ ਅਧਿਕਾਰੀਆਂ ਨੂੰ ਅਲਾਟ ਕੀਤੇ ਜਾਣੇ ਹੁੰਦੇ ਹਨ। ਉਹ ਇਸ ਨੂੰ ਅਨੈਤਿਕ ਵੀ ਨਹੀਂ ਸਮਝਦੇ ਭਾਵੇਂ ਹਾਲ ਹੀ ਵਿਚ ਇਕ ਸਰਕਾਰੀ ਅਫ਼ਸਰ ਨੇ ਅਦਾਲਤ ਵਿਚ ਇਕ ਪੈਟੀਸ਼ਨ ਦਾਇਰ ਕੀਤੀ ਹੈ ਇਹ ਦੱਸੇ ਜਾਣ ਲਈ ਕਿ ਉਸਨੂੰ ਇਕ ਕੁਆਰਟਰ ਕਿਉਂ ਅਲਾਟ ਨਹੀਂ ਕੀਤਾ ਗਿਆ ਜਦ ਕਿ ਪੱਤਰਕਾਰਾਂ ਨੂੰ ਕੁਆਰਟਰ ਅਲਾਟ ਕੀਤੇ ਗਏ ਹਨ, ਜੋ ਕਿ ਰਾਜ ਦੁਆਰਾ ਨਹੀਂ ਪਰੰਤੂ ਨਿੱਜੀ ਅਦਾਰਿਆਂ ਦੁਆਰਾ ਨੌਕਰੀ ਵਿਚ ਹਨ।

ਦਾਅਵਤਾਂ, ਮੁੱਖ ਤੌਰ ਤੇ ਦੇਸ਼ ਦੇ ਅੰਦਰ ਹੀ ਪਰ ਕੁਝ ਇਕ ਦੂਰ ਇਥੋਂ ਤਕ ਕਿ ਯੂ.ਐਸ.ਏ. ਵਿਚ ਵੀ, ਕੀਤੀਆਂ ਜਾਣੀਆਂ ਕਾਫੀ ਆਮ ਪ੍ਰਚਲਤ ਹਨ। ਉਦਾਹਰਣ ਦੇ ਤੌਰ ਤੇ, ਆਰਮੀ ਆਮ ਹੀ ਕਸ਼ਮੀਰ ਅਤੇ ਲੱਦਾਖ਼ ਨੂੰ ਯਾਤਰਾ ਦਾ ਪ੍ਰਬੰਧ ਕਰਦੀ ਰਹਿੰਦੀ ਹੈ। ਜਦੋਂ ਪੱਤਰਕਾਰ ਅਤੇ ਉਨ੍ਹਾਂ ਦੇ ਪਰਿਵਾਰ ਛੁੱਟੀਆਂ ਮਨਾਉਣ ਜਾਂਦੇ ਹਨ, ਤਾਂ ਵਧੇਰੇ ਕਰਕੇ ਰਾਜ ਸਰਕਾਰਾਂ, ਰਾਜਨੀਤਕ ਪਾਰਟੀਆਂ ਜਾਂ ਵਪਾਰਕ ਅਦਾਰੇ ਉਨ੍ਹਾਂ ਦੇ ਬਿਲਾਂ ਦੀ ਅਦਾਇਗੀ ਕਰਦੇ ਹਨ।

ਜਦੋਂ ਉਨ੍ਹਾਂ ਚੀਜ਼ਾਂ ਦੀ ਗੱਲ ਆਉਂਦੀ ਹੈ ਜੋ ਅਸਲ ਵਿਚ ਪੱਤਰਕਾਰ ਦੇ ਸਾਜ਼ੋ-ਸਮਾਨ ਵਿਚ ਵਾਧਾ ਕਰਦੇ ਹਨ, ਤਾਂ ਅਜਿਹੇ ਬੜੇ ਤਰੀਕੇ ਹਨ ਜਿਨ੍ਹਾਂ ਰਾਹੀਂ ਇਹ ਸੂਝਬੂਝ ਨਾਲ ਹੱਥਬਦਲ ਕੀਤੇ ਜਾਂਦੇ ਹਨ। ਮਿਸਾਲ ਦੇ ਤੌਰ ਤੇ, ਬਿਨਾਂ ਕਿਸੇ ਛੋਟ ਦੇ, ਚੰਡੀਗੜ੍ਹ ਵਿਚ ਰਹਿ ਰਹੇ ਲਗਭਗ ਹਰ ਇਕ ਰਿਪੋਰਟਰ ਨੂੰ ਪੰਜਾਬ, ਹਰਿਆਣਾ ਜਾਂ ਚੰਡੀਗੜ੍ਹ ਸੰਘ ਖੇਤਰ ਦੀਆਂ ਰਾਜ ਸਰਕਾਰਾਂ ਦੁਆਰਾ ਘੱਟੋ-ਘੱਟ ਇਕ ਰਿਹਾਇਸ਼ੀ ਪਲਾਟ ਸਸਤੀਆਂ ਦਰਾਂ ਤੇ ਅਲਾਟ ਕੀਤਾ ਹੋਇਆ ਹੈ। ਬਹੁਤ ਸਾਰੇ ਪੱਤਰਕਾਰਾਂ ਨੂੰ ਉਦਯੋਗਿਕ ਪਲਾਟ ਅਲਾਟ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕਈ ਰਿਪੋਰਟਰ ਤਾਂ ਇਕ ਪਲਾਟ ਤੋਂ ਬਾਅਦ ਦੂਜਾ ਪਲਾਟ ਲੈ ਲੈ ਕੇ ਅਤੇ ਬਾਅਦ ਵਿਚ ਬਹੁਤ ਉੱਚੀਆਂ ਮਾਰਕੀਟ ਦਰਾਂ ਤੇ

ਵੇਚ ਕੇ ਬਹੁਤ ਅਮੀਰ ਹੋ ਗਏ ਹਨ। ਇਹ ਆਮ ਵਾਕਫੀ ਦੀ ਗੱਲ ਹੈ ਕਿ ਜਲੰਧਰ ਤੋਂ ਕੱਢੇ ਜਾਂਦੇ ਇਕ ਰੋਜ਼ਾਨਾ ਅਖਬਾਰ ਦੇ ਇਕ ਮੱਧ-ਦਰਜੇ ਦੇ ਨਾਮਾਨਿਗਾਰ ਨੂੰ ਨੌਂ ਰਿਹਾਇਸ਼ੀ ਪਲਾਟ ਅਤੇ ਪੰਜ ਉਦਯੋਗਿਕ ਪਲਾਟ ਅਲਾਟ ਕੀਤੇ ਗਏ ਹਨ। ਇਨ੍ਹਾਂ ਪਲਾਟਾਂ ਦੀ ਕੁੱਲ ਕੀਮਤ ਲਗਭਗ ਦੋ ਕਰੋੜ ਰੁਪਏ ਹੋਵੇਗੀ।

ਰਿਪੋਰਟਰਾਂ ਵਿਚੋਂ ਘੱਟੋ ਘੱਟ ਦੋ ਅਜਿਹੇ ਕੇਸ ਹਨ ਜਿਨ੍ਹਾਂ ਨੇ ਸ਼ੁਕਰਗੁਜ਼ਾਰ ਰਾਜਨੀਤਕ ਨੇਤਾਵਾਂ ਤੋਂ ਕਾਰਾਂ ਪ੍ਰਾਪਤ ਕੀਤੀਆਂ ਹੋਈਆਂ ਹਨ। ਨਕਦ ਕੈਸ਼ ਵਿਚ ਅਦਾਇਗੀਆਂ ਬੜੀ ਸਾਵਧਾਨੀ ਨਾਲ ਕੀਤੀਆਂ ਜਾਂਦੀਆਂ ਹਨ ਪਰੰਤੂ ਮੌਕੇ ਮੌਕੇ ਪੱਤਰਕਾਰਾਂ ਦਾ ਲੈਟਰਹੈੱਡ ਆਰਗੇਨਾਈਜ਼ੇਸ਼ਨਜ਼ ਦੁਆਰਾ "ਸਨਮਾਨ" ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਪਰਸ ਭੇਂਟ ਕੀਤੇ ਜਾਂਦੇ ਹਨ ਜਾਂ ਉਨ੍ਹਾਂ ਨੂੰ ਰਾਜ ਸਰਕਾਰ ਦੁਆਰਾ "ਪ੍ਰਾਜੈਕਟ" ਸੌਂਪੇ ਜਾਂਦੇ ਹਨ ਜਿਨ੍ਹਾਂ ਸਦਕਾ ਉਹ ਵੱਡੀਆਂ ਰਕਮਾਂ ਨਾਲ ਆਪਣੀਆਂ ਜੇਬਾਂ ਭਰ ਸਕਦੇ ਹਨ।

ਇਹ ਗੱਲਾਂ ਹੁਣ ਇਤਨੀਆਂ ਆਮ ਹੋ ਗਈਆਂ ਹਨ ਅਤੇ ਪੱਤਰਕਾਰ ਦੇ ਰੋਜ਼ਮੱਰਾ ਜੀਵਨ ਦਾ ਇੰਨਾ ਅਨਿੱਖੜਵਾਂ ਹਿੱਸਾ ਬਣ ਗਈਆਂ ਹਨ ਕਿ ਇਹ ਹੁਣ ਕੋਈ ਅਨੋਖੀ ਗੱਲ ਨਹੀਂ ਰਹੀ। ਇਸ ਦੀਆਂ ਮਿਸਾਲਾਂ ਇਤਨੀਆਂ ਜ਼ਿਆਦਾ ਹਨ ਕਿ ਜੇਕਰ ਕੋਈ ਇਕ ਦਾ ਹਵਾਲਾ ਦੇਣਾ ਚਾਹੇ ਤਾਂ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਉਹ ਕਿਥੋਂ ਸ਼ੁਰੂ ਕਰੇ। ਇਨ੍ਹਾਂ 'ਚੋਂ ਹੇਠ ਦਿੱਤੀਆਂ ਦਾ ਵਰਣਨ ਕੀਤਾ ਜਾ ਸਕਦਾ ਹੈ :

i. ਦਿੱਲੀ ਦੀ ਉਹ ਪੱਤਰਕਾਰ ਜਿਸ ਨੂੰ ਅੰਮ੍ਰਿਤਸਰ ਜਾਣ ਲਈ ਸਰਕਾਰੀ ਹਵਾਈ ਜਹਾਜ਼ ਮੁਹੱਈਆ ਕੀਤਾ ਗਿਆ ਸੀ ਅਤੇ ਇਹ ਵੇਖਣ ਲਈ ਕਿ "ਹਾਲਾਤ ਵਿਚ ਕਿਵੇਂ ਸੁਧਾਰ ਹੋਇਆ ਹੈ" ਬੜੇ ਇਹਤਿਆਤ ਨਾਲ ਸੰਚਾਲਿਤ ਕੁਝ ਪਿੰਡਾਂ ਦਾ ਦੌਰਾ ਕਰਵਾਇਆ ਗਿਆ ਸੀ। ਉਸਨੂੰ ਸੱਚਾਈ ਦਾ ਪਤਾ ਕਿਵੇਂ ਲੱਗਾ ਹੋਵੇਗਾ ਜਦ ਕਿ ਉਸ ਨੂੰ ਸਰਕਾਰ ਦੇ ਨਜ਼ੱਰੀਏ ਤੋਂ ਇਲਾਵਾ ਹੋਰ ਕੁਝ ਵੇਖਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ।

ii. ਜਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਦੇ "ਪ੍ਰੈਸ ਭੋਜ"। ਹਰ ਰੋਜ਼ ਤਿੰਨ ਜਾਂ ਚਾਰ ਪੱਤਰਕਾਰ ਦੁਪਹਿਰ ਦੇ ਭੋਜ ਤੇ ਬੁਲਾਏ ਜਾਂਦੇ। ਮੁੱਖ ਮੰਤਰੀ ਉਨ੍ਹਾਂ ਨੂੰ ਛੋਟੀ-ਮੋਟੀ ਜਾਣਕਾਰੀ ਦਾ "ਭੇਦ ਦੱਸਦੇ" ਜਿਵੇਂ ਕਿ ਉਹ ਉਨ੍ਹਾਂ ਤੇ ਨਿੱਜੀ ਅਹਿਸਾਨ ਦੇ ਤੌਰ ਤੇ ਕੋਈ ਵਿਸ਼ਿਸ਼ਟ ਖ਼ਬਰ ਦੱਸ ਰਹੇ ਹੋਣ।

ਜਾਂ ਪੰਜਾਬ ਦੇ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਦੁਆਰਾ ਆਯੋਜਿਤ ਪਾਰਟੀਆਂ ਜਿਥੇ ਫਿਲਮੀ ਸਿਤਾਰੇ ਵੀ ਸ਼ਾਮਲ ਹੁੰਦੇ। ਇਤਨੀ ਵੱਡੀ ਮਹਿਫਿਲ ਵਿਚ ਵੇਖੇ ਜਾਣ ਦੀ ਸਮਾਜਕ ਛਾਪ ਕਈ ਪੱਤਰਕਾਰਾਂ ਦੇ ਦਿਮਾਗ ਵਿਗਾੜਨ ਲਈ ਕਾਫੀ ਹੁੰਦੀ ਸੀ ਅਤੇ ਨਿਸ਼ਚਿਤ ਤੌਰ ਤੇ, ਇਨ੍ਹਾਂ ਮਹਿਫਿਲਾਂ ਵਿਚ ਕੇਵਲ

'ਸਾਊ ਮੁੰਡੇ ਕੁੜੀਆਂ' ਹੀ ਸੱਦੇ ਜਾਂਦੇ ਸਨ।

ਕਈ ਵਾਰੀ ਕੋਈ ਪੱਤਰਕਾਰ ਗਾਜਰ ਨਹੀਂ ਖਾਂਦਾ ਤਾਂ ਫਿਰ ਉਸਨੂੰ ਸੋਟੀ ਦਿਖਾਉਣੀ ਪੈਂਦੀ ਹੈ। ਇਕ ਐਸ ਐਸ ਪੀ ਜਿਸਦਾ ਇਕ ਅਣਸੁਖਾਵੀਂ ਘਟਨਾ ਦੀ ਖ਼ਬਰ ਵਿਚ ਜ਼ਿਕਰ ਆਇਆ ਸੀ, ਨੇ ਸਬੰਧਤ ਰਿਪੋਰਟਰ ਦੇ ਮਾਪਿਆਂ ਅਤੇ ਸਹੁਰਿਆਂ ਦੇ ਪਤੇ ਮਾਲੂਮ ਕੀਤੇ ਅਤੇ ਰਿਪੋਰਟਰ ਨੂੰ ਇਸ ਗੱਲ ਤੋਂ ਜਾਣੂੰ ਕਰਵਾ ਦਿੱਤਾ ਕਿ ਉਸਦੇ ਪਰਿਵਾਰ ਨਾਲ ਕਿਸੇ ਵੀ ਸਮੇਂ ਕੋਈ ਅਭਾਗੀ ਗੱਲ ਵਾਪਰ ਸਕਦੀ ਹੈ। **ਦਿ ਟੈਲੀਗ੍ਰਾਫ** ਦੇ ਨਾਮਾਨਿਗਾਰ ਅਤੇ **ਦਿ ਟਾਈਮਜ਼ ਆਫ਼ ਇੰਡੀਆ** ਦੇ ਨਾਮਾਨਿਗਾਰ, ਮਨਮੋਹਨ ਦਾਸ ਗੁਪਤਾ ਅਤੇ ਦਿਨੇਸ਼ ਕੁਮਾਰ ਨੂੰ ਟੈਲੀਫੋਨ ਕਾਲਾਂ ਆਈਆਂ ਕਿ ਉਹ ਦੁਰਘਟਨਾਵਾਂ ਤੋਂ ਕਦੀ ਵੀ ਬੱਚ ਨਹੀਂ ਸਕਦੇ ਅਤੇ ਉਨ੍ਹਾਂ ਨੂੰ ਯਕਲਖਤ ਪੰਜਾਬ ਤੋਂ ਵਾਪਸ ਬੁਲਾ ਲਿਆ ਗਿਆ। ਪੀ ਟੀ ਆਈ ਦੇ ਇਕ ਨਾਮਾਨਿਗਾਰ ਨੂੰ ਪੰਜਾਬ ਦੇ ਡੀ ਜੀ ਪੀ ਦੁਆਰਾ ਇਕ ਜਾਣਕਾਰੀ ਦਿੱਤੀ ਗਈ ਪਰ ਉਸਨੇ ਉਹ ਫਾਈਲ ਨਾ ਕੀਤੀ। ਉਸ ਨੂੰ ਟੈਲੀਫੋਨ ਕੀਤਾ ਗਿਆ ਅਤੇ ਕਿਹਾ ਗਿਆ ਕਿ ਉਸਦੇ ਮਾਲਕਾਂ ਨੂੰ ਕਹਿ ਕੇ ਉਸਨੂੰ ਨੌਕਰੀਓਂ ਬਰਖ਼ਾਸਤ ਕਰਵਾ ਦਿੱਤਾ ਜਾਵੇਗਾ।

ਓਪਰੇਸ਼ਨ ਬਲਿਊਸਟਾਰ ਦੇ ਸਮੇਂ, ਕੇਂਦਰ ਸਰਕਾਰ ਨੇ ਸਾਰੇ ਵਿਦੇਸ਼ੀ ਨਾਮਾਨਿਗਾਰਾਂ ਨੂੰ ਪੰਜਾਬ ਛੱਡਣ ਲਈ ਹੁਕਮ ਜਾਰੀ ਕੀਤੇ। ਬ੍ਰਹਮ ਚੇਲਾਨੀ ਇਕ ਵਿਦੇਸ਼ੀ ਨਿਊਜ਼ ਏਜੈਂਸੀ ਐਸੋਸਿਏਟਿਡ ਪ੍ਰੈਸ, ਲਈ ਕੰਮ ਕਰਦਾ ਸੀ। ਪਰੰਤੂ ਇਕ ਭਾਰਤੀ ਨਾਗਰਿਕ ਹੋਣ ਦੇ ਨਾਤੇ, ਉਸਨੇ ਇਸ ਹਦਾਇਤ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਜੋ ਕੁਝ ਵਾਪਰਿਆ ਉਸ ਵਿਚੋਂ ਬਹੁਤ ਕੁਝ ਦਾ ਉਹ ਚਸ਼ਮਦੀਦ ਗਵਾਹ ਸੀ ਅਤੇ ਉਸਨੇ ਦਰਬਾਰ ਸਾਹਿਬ ਪਰਿਸਰ ਵਿਚੋਂ ਕੱਢੇ ਗਏ ਵਿਅਕਤੀਆਂ ਵਿਚੋਂ ਕਈਆਂ ਨਾਲ ਅਤੇ ਡਾਕਟਰਾਂ, ਸਰਕਾਰੀ ਕਰਮਚਾਰੀਆਂ ਅਤੇ ਹੋਰਨਾਂ ਨਾਲ ਗੱਲਬਾਤ ਕੀਤੀ। ਆਪਣੀ ਕਹਾਣੀ ਅੰਮ੍ਰਿਤਸਰ ਤੋਂ ਭੇਜਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਇਸ ਲਈ, ਉਸਨੇ ਮੌਕੇ ਦਾ ਇੰਤਜ਼ਾਰ ਕੀਤਾ ਅਤੇ ਪਹਿਲੇ ਮੌਕੇ ਹੀ ਉਹ ਬਾਰਡਰ ਪਾਰ ਹਿਮਾਚਲ ਵਿਚ ਪੁਜ ਗਿਆ ਅਤੇ ਉਥੋਂ ਆਪਣੀ ਕਹਾਣੀ ਦੁਨੀਆਂ ਤਕ ਪਹੁੰਚਾਈ। ਇਸ ਤਰ੍ਹਾਂ ਕਰਨ ਨਾਲ ਉਸਨੇ ਭਾਰਤ ਸਰਕਾਰ ਦੀ ਨਾਰਾਜ਼ਗੀ ਮੁੱਲ ਲੈ ਲਈ। ਉਸ ਨੂੰ ਗਿਰਫਤਾਰ ਕਰ ਲਿਆ ਗਿਆ ਅਤੇ ਤਕਰੀਬਨ ਛੇ ਮਹੀਨੇ ਤਕ ਜੇਲ੍ਹ 'ਚ ਰਖਿਆ ਗਿਆ ਜਦੋਂ ਤਕ ਅੰਤ ਵਿਚ ਅੰਤਰ-ਰਾਸ਼ਟਰੀ ਦਬਾਅ ਉਸਨੂੰ ਛੁਡਾਉਣ ਵਿਚ ਸਫਲ ਨਾ ਹੋ ਗਿਆ।

ਪਰੰਤੂ ਬਹੁਤੇ ਪੱਤਰਕਾਰਾਂ ਕੋਲ ਸਥਾਨਕ ਪੱਧਰ ਤੇ ਵੀ ਕੋਈ ਬਚਾਅ "ਦਬਾਅ" ਨਹੀਂ ਹੁੰਦਾ। ਉਹ ਪੱਤਰਕਾਰ ਜੋ ਕਿ ਰਾਜਧਾਨੀਆਂ ਵਿਚ ਤਾਇਨਾਤ ਹੁੰਦੇ ਹਨ, ਕੁਝ ਹੱਦ ਤਕ ਆਪਣੇ ਮਾਲਕਾਂ ਅਤੇ ਸਾਥੀਆਂ ਤੇ ਨਿਰਭਰ ਕਰ ਸਕਦੇ ਹਨ ਪਰ ਕਿਸੇ ਛੋਟੇ ਕਸਬੇ ਜਾਂ ਦਿਹਾਤੀ ਇਲਾਕੇ ਨੂੰ ਕਵਰ ਕਰਨ ਵਾਲਾ ਪੱਤਰਕਾਰ ਬਿਲਕੁਲ ਹੀ ਅਸੁਰਖਿਅਤ ਹੁੰਦਾ ਹੈ।

ਮੁਰਿੰਡਾ ਦੇ ਛੋਟੇ ਜਿਹੇ ਕਸਬੇ ਵਿਚ ਤਾਇਨਾਤ **ਪੰਜਾਬੀ ਟ੍ਰਿਬਿਊਨ** ਦੇ ਨਾਮਾਨਿਗਾਰ ਹਰੀਸ਼ ਚੰਦਰ ਨੂੰ ਦਸੰਬਰ, 1986 ਦੇ ਅੱਧ, ਜਨਵਰੀ, 1987 ਦੇ ਸ਼ੁਰੂ, ਫਰਵਰੀ, 1987 ਦੇ ਅੱਧ ਅਤੇ ਜੂਨ, 1991 ਵਿਚ ਗਿਰਫਤਾਰ ਕੀਤਾ ਗਿਆ ਅਤੇ ਉਸਨੂੰ ਤਸੀਹੇ ਦਿੱਤੇ ਗਏ। ਉਸਨੂੰ ਪੁਲਿਸ ਦੀ ਉਸਦਾ ਅਪਹਰਣ ਕਰਨ ਅਤੇ ਡੁਬੋ ਕੇ ਮਾਰ ਦੇਣ ਦੀ ਯੋਜਨਾ ਬਾਰੇ ਪਤਾ ਲਗਿਆ। ਉਸਦਾ ਖ਼ਿਆਲ ਹੈ ਕਿ ਏ ਐਸ ਆਈ ਸੁੱਚਾ ਸਿੰਘ ਦੀ ਅਗਵਾਈ ਹੇਠ ਪੁਲਿਸ ਦੇ ਪੰਜ ਕਰਮਚਾਰੀਆਂ ਦੀ ਪਾਰਟੀ ਖਾੜਕੂਆਂ ਦੇ ਭੇਸ ਵਿਚ 5 ਸਤੰਬਰ, 1991 ਦੀ ਅੱਧੀ ਰਾਤ ਤੋਂ ਬਾਅਦ ਉਸਦੇ ਘਰ ਆਈ ਅਤੇ ਘਰੋਂ ਬਾਹਰ ਆਉਣ ਲਈ ਉਸਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਤਾ ਕਿ ਉਸ ਦਾ ਅਪਹਰਣ ਕਰ ਸਕਣ।

23 ਜਨਵਰੀ, 1994 ਨੂੰ ਜਲੰਧਰ ਤੋਂ ਛਪਦੇ ਇਕ ਪੰਜਾਬੀ ਰੋਜ਼ਾਨਾ '**ਅੱਜ ਦੀ ਆਵਾਜ਼**' ਦੇ ਸੰਪਾਦਕ ਨੂੰ ਅਕਾਲ ਤਖ਼ਤ ਦੇ ਜੱਥੇਦਾਰ ਜਸਬੀਰ ਸਿੰਘ ਰੋਡੇ ਅਤੇ ਚਾਰ ਹੋਰ ਵਿਅੱਕਤੀਆਂ ਨਾਲ ਟਾਡਾ, ਅਸਲਾ ਐਕਟ ਅਤੇ ਆਈ ਪੀ ਸੀ ਦੀਆਂ ਧਾਰਾਵਾਂ 213 ਅਤੇ 218 ਅਧੀਨ ਗਿਰਫਤਾਰ ਕਰ ਲਿਆ ਗਿਆ। ਉਸ ਤੇ ਖਾੜਕੂਆਂ ਅਤੇ ਪਾਕਿਸਤਾਨ ਦੇ ਏਜੰਟਾਂ ਨੂੰ ਮਦਦ ਦੇਣ ਅਤੇ ਜਨਤਕ ਸਥਾਨਾਂ ਤੇ ਬੰਬ ਰੱਖਣ ਦੀਆਂ ਹਜ਼ਾਰਾਂ ਸਕੀਮਾਂ ਵਿਚ ਭਾਗੀਦਾਰ ਹੋਣ ਦਾ ਦੋਸ਼ ਲਗਾਇਆ ਗਿਆ ਅਤੇ ਇਹ ਵੀ ਦਾਅਵਾ ਕੀਤਾ ਗਿਆ ਕਿ ਅਖਬਾਰ ਦੇ ਇਹਾਤਿਆਂ ਨੂੰ ਖਾੜਕੂਆਂ ਨੂੰ ਪਨਾਹ ਦੇਣ ਅਤੇ ਪਾਕਿਸਤਾਨ ਤੋਂ ਲਿਆਂਦੀ ਗਈ ਵਿਸਫੋਟਕ ਮਸਾਗਰੀ ਨੂੰ ਸਟੋਰ ਕਰਨ ਲਈ ਵਰਤਿਆ ਜਾ ਰਿਹਾ ਹੈ। ਇਸ ਖ਼ਬਰ ਨੂੰ ਅਖਬਾਰਾਂ ਵਿਚ ਵਿਸਤ੍ਰਿਤ ਰੂਪ ਵਿਚ ਛਾਪਿਆ ਗਿਆ ਪਰੰਤੂ ਅਦਾਲਤ ਦੁਆਰਾ ਇਸ ਸਬੰਧੀ ਸੁਣਵਾਈ ਤੋਂ ਬਾਅਦ ਇਸਦੇ ਫੈਸਲੇ ਕਿ ਉਸਨੂੰ ਗਿਰਫਤਾਰ ਰੱਖਣ ਲਈ ਕਾਫੀ ਸਬੂਤ ਨਹੀਂ ਹਨ, ਨੂੰ ਕਿਤੇ ਨਹੀਂ ਛਾਪਿਆ ਗਿਆ।

**ਅਜੀਤ** ਦੇ ਇਕ ਨਾਮਾਨਿਗਾਰ, ਜੋ ਕਿ ਜ਼ਿਲ੍ਹਾ ਰੋਪੜ ਦੇ ਇਕ ਛੋਟੇ ਕਸਬੇ ਕੁਰਾਲੀ ਵਿਖੇ ਤਾਇਨਾਤ ਸੀ, ਨੂੰ ਪੁਲਿਸ ਦੁਆਰਾ 3 ਨਵੰਬਰ, 1991 ਨੂੰ ਗਿਰਫਤਾਰ ਕੀਤਾ ਗਿਆ ਅਤੇ ਉਸਨੂੰ ਤਸੀਹੇ ਦਿੱਤੇ ਗਏ।

**ਅਜੀਤ** ਦੇ ਨਾਮਾਨਿਗਾਰ ਰਾਮ ਸਿੰਘ ਬਿਲਿੰਗ ਦਾ ਲਾਪਤਾ ਹੋਣ ਬਾਰੇ

ਅਸੁਰੱਖਿਅਤ ਗਰੁੱਪ ਬਾਰੇ ਭਾਗ ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ।

*ਸੈਂਸਰਸ਼ਿਪ*

ਪਿਛਲੇ ਦਹਾਕੇ ਦੇ ਦੌਰਾਨ, ਸਰਕਾਰ ਲਈ ਸਿੱਧੀ ਸੈਂਸਰਸ਼ਿਪ ਲਗਾਉਣ ਜਾਂ ਅਖਬਾਰ ਦੇ ਪਰਚਿਆਂ ਨੂੰ ਜ਼ਬਤ ਕਰਨ ਦੀ ਬਹੁਤ ਘੱਟ ਲੋੜ ਪਈ, ਪਰੰਤੂ ਅਜਿਹਾ ਕੁਝ ਵਾਰੀ ਵਾਪਰਿਆ ਜ਼ਰੂਰ। **ਦਿ ਟ੍ਰਿਬਿਊਨ**, **ਇੰਡੀਅਨ**

**ਐਕਸਪ੍ਰੈਸ** ਅਤੇ ਖ਼ਾਸ ਤੌਰ ਤੇ **ਅਜੀਤ** ਅਤੇ **ਅੱਜ ਦੀ ਆਵਾਜ਼** ਦੇ ਪਰਚੇ ਜ਼ਬਤ ਕੀਤੇ ਗਏ।

**ਅਜੀਤ**, ਜੋ ਕਿ ਸਭ ਤੋਂ ਵੱਧ ਸਰਕੁਲੇਸ਼ਨ ਵਾਲੀ ਪੰਜਾਬੀ ਰੋਜ਼ਾਨਾ ਹੈ, ਨੂੰ ਵਿਸ਼ੇਸ਼ ਤੌਰ ਤੇ ਨਿਸ਼ਾਨਾ ਬਣਾਇਆ ਗਿਆ। 1991 ਲਈ ਉਪਲਬਧ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਸਰਕਾਰ ਨੇ ਉਸੇ ਇਕੱਲੇ ਸਾਲ ਵਿਚ 10 ਵੱਖ-ਵੱਖ ਮੌਕਿਆਂ ਤੇ ਅਖਬਾਰ ਦੀਆਂ ਕਾਪੀਆਂ ਜ਼ਬਤ ਕਰ ਲਈਆਂ।

ਕੇਵਲ ਇਕ ਸਾਲ 1991 ਵਿਚ 10 ਵਾਰ ਜ਼ਬਤ ਕੀਤੀਆਂ ਗਈਆਂ ਕਾਪੀਆਂ ਦਾ ਵੇਰਵਾ ਇਸ ਪਰਕਾਰ ਹੈ

| **1991 ਦੀ ਤਰੀਕ** | **ਜ਼ਬਤ ਕੀਤੀਆਂ ਗਈਆਂ ਕਾਪੀਆਂ** |
|---|---|
| ਫਰਵਰੀ | 748,575 |
| ਫਰਵਰੀ 26 | 68,150 |
| ਮਾਰਚ 3 | 11,000 |
| ਮਾਰਚ 11 | 1,42,608 |
| ਮਾਰਚ 20 | 25,000 |
| ਜੂਨ 25 | 21,409 |
| ਜੁਲਾਈ 24 | 20,000 |
| ਅਗਸਤ 13 | 11,518 |
| ਸਤੰਬਰ 5 | 50,000 |
| ਜਨਵਰੀ 15, '92 | 50,000 |

ਪ੍ਰੈਸ ਤੋਂ ਅਖਬਾਰ ਦੀਆਂ ਕਾਪੀਆਂ ਜ਼ਬਤ ਕਰਨ ਤੋਂ ਇਲਾਵਾ, ਅਖਬਾਰਾਂ ਵੰਡਣ ਵਾਲਿਆਂ ਨੂੰ ਇਹ ਧਮਕੀ ਦਿੱਤੀ ਗਈ ਸੀ ਕਿ ਜੇਕਰ ਉਨ੍ਹਾਂ ਨੇ ਅਖਬਾਰਾਂ ਵੰਡਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ।

ਸਿੱਧੀ ਸੈਂਸਰਸ਼ਿਪ ਓਪਰੇਸ਼ਨ ਬਲਿਊਸਟਾਰ ਤੋਂ ਤੁਰਤ ਬਾਅਦ ਲਗਾਈ ਗਈ ਅਤੇ *ਇੰਟੈਲੀਜੈਂਸ ਬਿਊਰੋ* ਦੇ ਏਜੰਟ ਅਖਬਾਰਾਂ ਦੇ ਨਿਊਜ਼-ਰੂਮਜ਼ ਵਿਚ ਡੈਸਕਾਂ ਤੇ ਬਰਾਜਮਾਨ ਹੋ ਗਏ।

1990 ਵਿਚ, ਰਾਅ ਦੇ ਗ੍ਰਿਹ ਵਿਭਾਗ ਤੋਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਜਿਨ੍ਹਾਂ ਵਿਚ ਉਨ੍ਹਾਂ ਨੂੰ ਉਨ੍ਹਾਂ ਦੇ ਜ਼ਿਲ੍ਹੇ ਵਿਚ ਛਪਦੇ ਹਰ ਇਕ ਪ੍ਰਕਾਸ਼ਨ ਜਾਂ ਵੰਡਣ ਲਈ ਜ਼ਿਲ੍ਹੇ ਵਿਚ ਆਉਂਦੇ ਹਰ ਇਕ ਪ੍ਰਕਾਸ਼ਨ ਨੂੰ ਸੈਂਸਰ ਕਰਨ ਅਤੇ ਇਤਰਾਜ਼ਯੋਗ ਸਮੱਗਰੀ ਦੇ ਪ੍ਰਕਾਸ਼ਨ ਜਾਂ ਸਰਕੁਲੇਸ਼ਨ ਨੂੰ ਰੋਕਣ ਲਈ ਹਦਾਇਤ ਕੀਤੀ ਗਈ ਸੀ। ਨਿਮਨਲਿਖਤ ਸਮੱਗਰੀ ਨੂੰ ਇਤਰਾਜ਼ਯੋਗ ਸਮੱਗਰੀ ਵਜੋਂ ਵਰਣਨ ਕੀਤਾ ਗਿਆ ਸੀ :-

1) ਅਜਿਹੇ ਸਾਰੇ ਆਈਟਮ ਜੋ ਸਿੱਧੇ ਤੌਰ ਤੇ ਅੱਤਵਾਦੀਆਂ ਅਤੇ

ਅੱਤਵਾਦ-ਸਬੰਧਤ ਸੰਸਥਾਵਾਂ ਨਾਲ ਸਬੰਧਤ ਹੋਣ ਜੋ ਕਿ ਵਿਨਾਸ਼ਕਾਰੀ ਸਮਝੇ ਜਾਣ;

2) ਭੋਗ ਸਮਾਗਮਾਂ ਸਬੰਧੀ ਸ਼ੋਕ ਨੋਟਿਸ ਜਿਨ੍ਹਾਂ ਵਿਚ ਜਾਣੇ ਜਾਂਦੇ ਅੱਤਵਾਦੀਆਂ ਜਾਂ ਅੱਤਵਾਦ ਸਬੰਧਤ ਸੰਸਥਾਵਾਂ ਦੇ ਨਾਂ ਇਸ਼ਤਿਹਾਰ ਦੇ ਸਪਾਂਸਰ ਵਜੋਂ ਸ਼ਾਮਲ ਹੋਣ;
3) ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਸ਼੍ਰੇਣੀ ਨੂੰ ਅੱਤਵਾਦੀ ਸੰਸਥਾਵਾਂ ਦੁਆਰਾ ਕਿਸੇ ਕਿਸਮ ਦੀ ਧਮਕੀ ਦਾ ਪ੍ਰਕਾਸ਼ਨ;
4) ਅੱਤਵਾਦੀਆਂ ਜਾਂ ਅੱਤਵਾਦ ਸਬੰਧਤ ਸੰਸਥਾਵਾਂ ਦੁਆਰਾ ਵਿਵਹਾਰਕ ਆਚਾਰ ਜਾਂ ਸਮਾਜਕ ਪ੍ਰਥਾ ਸਬੰਧੀ ਜਾਰੀ ਕੀਤੇ ਗਏ ਕਿਸੇ ਫਰਮਾਨ ਦਾ ਪ੍ਰਕਾਸ਼ਨ;
5) ਅੱਤਵਾਦੀਆਂ ਦੁਆਰਾ ਕੀਤੀਆਂ ਗਈਆਂ ਹੱਤਿਆਵਾਂ ਦੀ ਕਿਸੇ ਸਫਾਈ ਦਾ ਪ੍ਰਕਾਸ਼ਨ;
6) ਕਿਸੇ ਵਿਅਕਤੀਆਂ ਜਾਂ ਸੰਸਥਾਵਾਂ ਦੁਆਰਾ "ਸਪੱਸ਼ਟੀਕਰਣਾਂ" ਦਾ ਪ੍ਰਕਾਸ਼ਨ।

ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਅਖਬਾਰਾਂ ਅਤੇ ਡਿਸਟ੍ਰੀਬਿਊਟਰਾਂ ਨੂੰ ਸਾਵਧਾਨ ਕਰ ਦੇਣ ਕਿ ਵਰਜਿਤ ਸਮੱਗਰੀ ਦੇ ਸਰਕੁਲੇਟ ਕੀਤੇ ਜਾਣ ਨਾਲ ਨਾ ਕੇਵਲ ਭਾਰਤੀ ਦੰਡ ਸੰਘਤਾ ਦੀਆਂ ਧਾਰਾਵਾਂ 153-ੳ ਅਤੇ ਅ, 124-ੳ, 292, 293 ਜਾਂ 295-ੳ ਅਧੀਨ ਹੀ ਸਜ਼ਾਵਾਂ ਦਿੱਤੀਆਂ ਜਾ ਸਕਣਗੀਆਂ ਪਰੰਤੂ ਇਸ ਦੇ ਲਈ ਟਾਡਾ ਅਧੀਨ ਗਿਰਫਤਾਰੀ ਵੀ ਕੀਤੀ ਜਾ ਸਕੇਗੀ।

ਇਹ ਹਦਾਇਤਾਂ 1994 ਦੇ ਅੰਤ ਤਕ ਹਰ ਛੇ ਮਹੀਨੇ ਜਾਰੀ ਅਤੇ ਮੁੜ-ਜਾਰੀ ਕੀਤੀਆਂ ਗਈਆਂ ਅਤੇ ਸ਼ਾਇਦ ਹੁਣ ਵੀ ਜਾਰੀ ਕੀਤੀਆਂ ਜਾ ਰਹੀਆਂ ਹਨ। 1992 ਦੇ ਸ਼ੁਰੂ ਵਿਚ ਚੋਣਾਂ ਦੇ ਸਮੇਂ ਇਨ੍ਹਾਂ ਹੁਕਮਾਂ ਦੀ ਬਹੁਤ ਕਰੜੀ ਤਰ੍ਹਾਂ ਪਾਲਣਾ ਕੀਤੀ ਗਈ ਸੀ।

ਦਿਨੇਸ਼ ਕੁਮਾਰ ਦੁਆਰਾ **ਟਾਈਮਜ਼ ਆਫ਼ ਇੰਡੀਆ** ਵਿਚ ਪ੍ਰਕਾਸ਼ਿਤ ਇਕ ਲੇਖ ਵਿਚ ਦੱਸਿਆ ਗਿਆ : "ਕਈ ਵਾਰੀ ਅਤੇ ਅਣਜਾਣੇ ਹੀ ... ਪੱਤਰਕਾਰ ਸਰਕਾਰ ਦੀ ਬੇਸੂਚਨਾ (*ਡਿਸਇਨਫਰਮੇਸ਼ਨ*) ਦਾ ਸ਼ਿਕਾਰ ਹੋ ਜਾਂਦੇ ਹਨ ਜੋ ਕਿ ਬਾਖੂਬੀ ਕਹਾਣੀਆਂ ਘੜ ਕੇ '*ਪਲਾਂਟ*' ਕਰਨ 'ਚ ਕਾਮਯਾਬ ਹੋ ਜਾਂਦੀ ਹੈ ... ਭੰਬਲਭੂਸਾ ਹੋਰ ਵੀ ਵੱਧ ਜਾਂਦਾ ਹੈ ਜਦੋਂ ਸਰਕਾਰੀ ਏਜੰਸੀਆਂ ਵੀ ਖਾੜਕੂ ਜੱਥੇਬੰਦੀਆਂ ਦੇ *ਲੈਟਰ-ਹੈੱਡਜ਼* ਤੇ *ਡਿਸਇਨਫਰਮੇਸ਼ਨ* ਦੇਣ ਦੀ ਕਿਰਿਆ ਅਪਣਾਉਂਦੀਆਂ ਹਨ, ਕਿਉਂ ਜੋ ਖਾੜਕੂਆਂ ਦੁਆਰਾ ਜਾਰੀ ਕੀਤੇ ਗਏ ਕਿਆਸੇ ਜਾਂਦੇ ਪ੍ਰੈਸ ਨੋਟਸ ਸਬੰਧੀ ਉਨ੍ਹਾਂ ਤੋਂ ਪ੍ਰੌੜ੍ਹਤਾ ਕਰਵਾਉਣ ਦਾ ਕੋਈ ਰਸਤਾ ਨਹੀਂ ਹੁੰਦਾ ਕਿਉਂਕਿ ਉਹ *ਅੰਡਰਗਰਾਉਂਡ* ਹੁੰਦੇ ਹਨ ਅਤੇ ਵਧੇਰੇ ਕਰਕੇ ਉਨ੍ਹਾਂ ਨੂੰ ਮਿਲਿਆ ਨਹੀਂ ਜਾ ਸਕਦਾ।"

ਲੇਖਕ ਅੱਗੇ ਹੋਰ ਰਿਪੋਰਟ ਕਰਦਾ ਹੈ : ਪੱਤਰਕਾਰਾਂ ਦੀ ਇਕ ਟੋਲੀ, ਜਿਸ ਵਿਚ ਮੈਂ ਵੀ ਸ਼ਾਮਲ ਸਾਂ, ਪਿਛਲੀ ਜਨਵਰੀ ਦੌਰਾਨ **ਟਾਈਮਜ਼ ਆਫ਼ ਇੰਡੀਆ** ਅਤੇ ਪੰਜਾਬੀ ਰੋਜ਼ਾਨਾ **ਅਜੀਤ** ਦੇ ਖਿਲਾਫ਼ ਦਰਜ ਕੀਤੇ ਗਏ ਇਕ ਕੇਸ ਦੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਪੂਰਵ ਰਾਜਪਾਲ ਕੋਲ ਗਏ। ਕਾਹਲੀ ਨਾਲ ਮਾਫੀ ਮੰਗਣ ਅਤੇ 'ਛੇਤੀ' ਕੇਸ ਵਾਪਸ ਲੈਣ ਦਾ ਵਾਅਦਾ ਕਰਨ ਤੋਂ ਬਾਅਦ (ਇਹ ਵੱਖਰੀ ਕਹਾਣੀ ਹੈ ਕਿ ਛੇਕੜ ਕੇਸ ਕਦੀ ਵੀ ਵਾਪਸ ਨਾ ਲਿਆ ਗਿਆ), ਰਾਜਪਾਲ ਨੇ ਖਾੜਕੂਆਂ ਨਾਲ ਨਜਿੱਠਣ ਲਈ ਪੱਤਰਕਾਰਾਂ ਦਾ ਸਹਿਯੋਗ ਮੰਗਿਆ। "ਅਜਿਹੇ *ਪ੍ਰੈਸ ਨੋਟਸ* ਨਾ ਛਾਪੋ ਜੋ ਕਿ ਕਿਸੇ ਵਿਅਕਤੀ ਜਾਂ ਸੰਸਥਾ, ਆਦਿ ਦੇ ਵਿਰੁੱਧ ਹਿੰਸਾ ਦਾ ਉਪਦੇਸ਼ ਦਿੰਦੇ ਹਨ ਪਰ ਤੁਹਾਨੂੰ ਉਨ੍ਹਾਂ ਦੇ ਅਜਿਹੇ *ਪ੍ਰੈਸ ਨੋਟਸ* ਛਾਪਣ ਦੀ ਆਜ਼ਾਦੀ ਹੈ ਜੋ ਕਿ ਵੱਖ-ਵੱਖ ਗੈਂਗਜ਼ ਦੀ ਆਪਸੀ ਦੁਸ਼ਮਣੀ ਨੂੰ ਬੜ੍ਹਾਵਾ ਦੇਣ ਵਾਲੇ ਹੋਣ", ਉਨ੍ਹਾਂ ਕਿਹਾ, ਅਤੇ ਫਿਰ ਦੱਸਿਆ "ਅਸੀਂ ਖਾੜਕੂਆਂ ਦੇ *ਲੈਟਰ-ਹੈੱਡਜ਼* ਤੇ *ਡਿਸਇਨਫਰਮੇਸ਼ਨ* ਜਾਰੀ ਕਰਨ ਦੀ ਯੋਜਨਾ ਤਿਆਰ ਕੀਤੀ ਹੈ। ਸਾਨੂੰ ਉਮੀਦ ਹੈ ਕਿ ਤੁਸੀਂ ਸਾਨੂੰ ਸਹਿਯੋਗ ਦਿਓਗੇ।"

*ਪ੍ਰਾਈਵੇਟ ਸੰਦੇਸ਼ ਨੂੰ ਰੋਕਣਾ ਅਤੇ ਨਿਗਾਹਬਾਨੀ*

ਰਾਜ ਨੇ ਵਿਅਕਤੀਆਂ ਅਤੇ ਸੰਸਥਾਨਾਂ ਵਿਚਕਾਰ ਸੰਚਾਰ ਨੂੰ ਵੀ ਰੋਕਿਆ। ਸੰਚਾਰ ਦੀ ਨਿਗਾਹਬਾਨੀ (*ਸਰਵੇਲੈਂਸ*) ਜਾਂ ਇਸਦੇ ਦੇ ਰੋਕੇ ਜਾਣ (*ਇੰਟਰਸੈਪਸ਼ਨ*) ਦੀ ਕਾਰਵਾਈ ਆਕਰਸ਼ਿਤ ਕਰਨ ਲਈ ਕਿਸੇ ਲਈ ਇਹ ਜ਼ਰੂਰੀ ਨਹੀਂ ਸੀ ਕਿ ਉਹ ਖਾਲਿਸਤਾਨ ਜਾਂ ਖਾੜਕੂਆਂ ਦਾ ਸਮੱਰਥਨ ਕਰੇ, ਪੁਲਿਸ ਜਾਂ ਰਾਜ ਦੁਆਰਾ ਉਸ ਨਾਲ ਨਜਿੱਠਣ ਦੇ ਢੰਗ ਨੂੰ ਨਿੰਦਣਾ ਹੀ ਕਾਫੀ ਸੀ।

ਨਿਗਾਹਬਾਨੀ ਦਾ ਹੁਕਮ ਕੋਈ ਵੀ ਪੁਲਿਸ ਅਫ਼ਸਰ ਦੇ ਸਕਦਾ ਸੀ ਪਰੰਤੂ ਡਾਕ, ਤਾਰ ਸੰਦੇਸ ਜਾਂ ਫੋਨ ਕਾਲਾਂ ਨੂੰ ਕਾਨੂੰਨੀ ਤੌਰ ਤੇ ਸੈਂਸਰ ਕਰਨ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਮਾਰਫਤ ਰਾਜ ਦੇ ਗ੍ਰਿਹ ਸਕੱਤਰ ਪਾਸੋਂ ਆਗਿਆ ਲੈਣੀ ਜ਼ਰੂਰੀ ਹੁੰਦੀ ਸੀ। ਅਜਿਹੀ ਆਗਿਆ ਬੜੇ *ਰੁਟੀਨ* ਵਿਚ ਦੇ ਦਿੱਤੀ ਜਾਂਦੀ ਸੀ ਅਤੇ ਬਹੁਤ ਹੀ ਘੱਟ ਮੌਕਿਆਂ ਤੇ ਇਨਕਾਰ ਕੀਤੀ ਜਾਂਦੀ ਸੀ। ਫਿਰ ਵੀ, ਇਸ ਵਿਚ ਉਕਾਊ ਕਾਗਜ਼ੀ ਕਾਰਵਾਈ ਕਰਨੀ ਪੈਂਦੀ ਸੀ, ਅਤੇ ਅਸਲ ਚਲਨ ਇਹ ਸੀ ਕਿ ਜਦੋਂ ਪੁਲਿਸ ਨੇ ਕਿਸੇ ਸੰਚਾਰ ਨੂੰ *ਇੰਟਰਸੈਪਟ* ਕਰਨਾ ਹੁੰਦਾ ਸੀ, ਤਾਂ ਉਹ ਸਿੱਧੇ ਸਬੰਧਤ ਡਾਕ-ਘਰ ਜਾਂ ਤਾਰ-ਘਰ ਜਾਂ ਟੈਲੀਫੋਨ ਐਕਸਚੇਂਜ ਵਿਚ ਜਾਂਦੇ ਅਤੇ ਆਪਣੇ ਆਦਮੀ ਨੂੰ ਕੰਮ ਤੇ ਲਗਾ ਦੇਂਦੇ।

ਮਈ, 1994 ਵਿਚ, ਚੰਡੀਗੜ੍ਹ ਵਿਚ ਤਾਇਨਾਤ ਕਈ ਪੱਤਰਕਾਰਾਂ ਸਮੇਤ, ਭਾਰੀ ਗਿਣਤੀ ਵਿਚ ਸੰਸਥਾਵਾਂ ਅਤੇ ਵਿਅਕਤੀਆਂ ਦੀ ਡਾਕ ਅਤੇ

ਤਾਰ-ਸੰਦੇਸਾਂ ਨੂੰ ਇੰਟਰਸੈਪਟ ਕਰਨ ਲਈ ਡਾਕ ਅਤੇ ਤਾਰ ਵਿਭਾਗ ਤੋਂ ਸਹਿਮਤੀ ਪ੍ਰਾਪਤ ਕੀਤੀ ਗਈ।

ਗ੍ਰਿਹ ਸਕੱਤਰ ਵਲੋਂ ਇਸ ਦੀਆਂ ਸਾਰੀਆਂ ਏਜੰਸੀਆਂ ਅਤੇ ਡਾਕ ਅਤੇ ਤਾਰ ਵਿਭਾਗ ਨੂੰ ਜਾਰੀ ਕੀਤਾ ਗਿਆ ਮਿਤੀ 25 ਮਈ, 1994 ਦਾ ਆਦੇਸ਼, ਜਿਸ ਤੇ "ਅਤਿ ਗੁਪਤ" ਲਿਖਿਆ ਹੋਇਆ ਸੀ, ਵਿਚ ਕਿਹਾ ਗਿਆ :

"ਕਿਉਂਜੋ ਪ੍ਰਸ਼ਾਸਕ (ਯੂ.ਟੀ.) ਚੰਡੀਗੜ੍ਹ ਦੀ ਇਹ ਤਸੱਲੀ ਹੈ ਕਿ ਇਹ ਉਪਾਅ ਕਰਨਾ ਲੋਕਾਂ ਦੀ ਸੁਰੱਖਿਆ ਅਤੇ ਸ਼ਾਂਤੀ ਦੇ ਹਿੱਤ ਵਿਚ ਜ਼ਰੂਰੀ ਹੈ।

ਇਸ ਲਈ, ਹੁਣ ਡਾਕ ਵਸਤੂਆਂ ਦੀ ਸੈਂਸਰਸ਼ਿਪ ਕਰਨ ਲਈ ਇੰਡੀਅਨ ਪੋਸਟ ਆਫਿਸ ਐਕਟ, 1898 ਦੀ ਧਾਰਾ 26 ਦੀ ਉਪ-ਧਾਰਾ(1) ਅਤੇ ਤਾਰ ਰਾਹੀਂ ਭੇਜੇ ਜਾਂਦੇ ਸੁਨੇਹਿਆਂ ਦੀ ਸੈਂਸਰਸ਼ਿਪ ਕਰਨ ਲਈ ਇੰਡੀਅਨ ਟੈਲੀਗ੍ਰਾਫ ਐਕਟ, 1885 ਦੀ ਧਾਰਾ 5(2) ਦੁਆਰਾ ਦਿੱਤੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਪ੍ਰਸ਼ਾਸਕ (ਯੂ.ਟੀ.), ਚੰਡੀਗੜ੍ਹ ਨੇ ਇਹ ਹਦਾਇਤ ਕਰਨ ਦੀ ਕ੍ਰਿਪਾਲਤਾ ਕੀਤੀ ਹੈ ਕਿ ਨਿਮਲਿਖਤ, ਅਰਥਾਤ :

ਅਕਾਲੀ ਦਲਾਂ, ਦਲ ਖਾਲਸਾ, ਖਾਲਸਾ ਰਾਜ ਪਾਰਟੀ, ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਅਤੇ ਉਨ੍ਹਾਂ ਦੇ ਮੋਹਰੀ ਸੰਗਠਨਾਂ; ਚੰਡੀਗੜ੍ਹ ਸਥਾਨਕ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ, ਦੀ ਕੇਂਦਰੀ ਤਾਲਮੇਲ ਕਮੇਟੀ ਦੇ ਅਹੁਦੇਦਾਰਾਂ, ਮਹੱਤਵਪੂਰਨ ਮੈਂਬਰਾਂ, ਅਤੇ ਮਹੱਤਵਪੂਰਨ ਕਾਰਜਕਰਤਾਵਾਂ, ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ; ਸਿੱਖ ਲਾਈਅਰਜ਼ ਫੋਰਮ; ਪੰਜਾਬ ਬਚਾਓ ਮੋਰਚੇ; ਅਨੰਦ ਮਾਰਗ ਅਤੇ ਇਸ ਦੀਆਂ ਸ਼ਾਖਾਵਾਂ; ਕਿਸੇ ਹੋਰ ਸੰਸਥਾ/ਵਿਅਕਤੀ ਜਿਸ ਤੋਂ ਰਾਜ/ ਵੀ ਆਈ ਪੀਜ਼ ਦੀ ਸੁਰੱਖਿਆ ਨੂੰ ਖ਼ਤਰਾ ਹੋਵੇ; ਪਾਕਿਸਤਾਨ ਵਿਚ ਰਹਿ ਰਹੇ ਵਿਅੱਕਤੀਆਂ; ਅਤੇ 10 ਸੀਨੀਅਰ ਪੱਤਰਕਾਰਾਂ ਦੇ ਨਾਂ ਤੇ ਜਾਂ ਉਨ੍ਹਾਂ ਵੱਲੋਂ ਭੇਜੀਆਂ ਕਿਸੇ ਕਿਸਮ ਦੀਆਂ ਡਾਕ ਵਸਤਾਂ ਅਤੇ ਤਾਰ ਰਾਹੀਂ ਭੇਜੇ ਜਾਂਦੇ ਸੁਨੇਹਿਆਂ ਨੂੰ ਰੋਕ ਲਿਆ ਜਾਵੇ ਅਤੇ ਉਹ ਯੂਟੀ/ ਚੰਡੀਗੜ੍ਹ ਦੇ ਡਿਪਟੀ ਸੁਪਰਡੰਟ ਆਫ਼ ਪੁਲਿਸ (ਸੀ ਆਈ ਡੀ) ਨੂੰ ਭੇਜੇ ਜਾਣ ਅਤੇ ਉਸ ਨੂੰ ਅਜਿਹੀਆਂ ਡਾਕ ਵਸਤਾਂ/ਤਾਰ ਸੁਨੇਹਿਆਂ, ਜਿਨ੍ਹਾਂ ਨੂੰ ਇਸ ਦਫਤਰੀ ਹੁਕਮ ਮੁਤਾਬਕ ਪੱਕੇ ਤੌਰ ਤੇ ਰੋਕੀ ਰੱਖਣਾ ਜਨਤਾ ਦੀ ਸੁਰੱਖਿਆ ਦੇ ਹਿੱਤ ਲਈ ਜ਼ਰੂਰੀ ਨਹੀਂ ਹੋਵੇਗਾ, ਨੂੰ ਡਿਲਿਵਰ ਕਰਨ ਲਈ ਡਾਕ/ਤਾਰ ਅਧਿਕਾਰੀਆਂ ਨੂੰ ਵਾਪਸ ਕਰਨ ਦਾ ਅਧਿਕਾਰ ਹੋਵੇਗਾ।

ਇਹ ਦਫਤਰੀ ਹੁਕਮ ਇਸ ਦੇ ਜਾਰੀ ਕੀਤੇ ਜਾਣ ਦੀ ਤਰੀਕ ਤੋਂ ਛੇ ਮਹੀਨਿਆਂ ਲਈ ਲਾਗੂ ਰਹੇਗਾ।"[11]

ਆਨੰਦ ਮਾਰਗੀਆਂ ਦਾ ਜ਼ਿਕਰ ਕੀਤਾ ਜਾਣਾ ਅਨੋਖੀ ਗੱਲ ਹੈ ਕਿਉਂਕਿ ਇਹ ਜਥੇਬੰਦੀ ਸੰਘ ਖੇਤਰ ਵਿਚ ਕਾਰਜਸ਼ੀਲ ਨਹੀਂ ਹੈ। ਇੰਞ

ਜਾਪਦਾ ਹੈ ਕਿ ਇਸ ਦਾ ਨਾਂ ਇਸ ਕਰਕੇ ਸ਼ਾਮਲ ਕੀਤਾ ਗਿਆ ਤਾਂ ਕਿ ਹੁਕਮ ਇਸ ਤਰ੍ਹਾਂ ਨਾ ਜਾਪੇ ਜਿਵੇਂ ਕਿ ਇਹ ਕੇਵਲ-ਮਾਤਰ ਸਿੱਖ ਜਥੇਬੰਦੀਆਂ ਸਬੰਧੀ ਹੀ ਹੋਵੇ।

ਇਸ ਆਦੇਸ਼ ਨੂੰ ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ ਦੁਆਰਾ ਚੈਲੇਂਜ ਕੀਤਾ ਗਿਆ ਜਿਸਨੇ 18 ਜੁਲਾਈ, 1994 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੇਂਦਰ ਸਰਕਾਰ ਅਤੇ ਸੰਘ ਖੇਤਰ ਪ੍ਰਸ਼ਾਸਨ ਦੇ ਖਿਲਾਫ ਇਕ ਰਿਟ ਪੈਟੀਸ਼ਨ ਦਾਇਰ ਕੀਤੀ। ਇਕ ਸਾਲ ਤੋਂ ਵੱਧ ਲਈ, ਸਰਕਾਰ ਨੇ ਰਿਟ ਦਾ ਕੋਈ ਉੱਤਰ ਪੇਸ਼ ਨਾ ਕੀਤਾ ਅਤੇ ਮੁੜ-ਮੁੜ ਕੇ ਅਦਾਲਤ ਤੋਂ ਹੋਰ ਸਮਾਂ ਦਿੱਤੇ ਜਾਣ ਦੀ ਮੰਗ ਕਰਦੀ ਰਹੀ। ਸਰਕਾਰ ਉਪਚਾਰਕ ਤੌਰ ਤੇ ਇਹ ਸਵੀਕਾਰ ਨਹੀਂ ਕਰਨਾ ਚਾਹੁੰਦੀ ਸੀ ਕਿ ਅਜਿਹਾ ਕੋਈ ਸਰਕੁਲਰ ਕਦੇ ਜਾਰੀ ਕੀਤਾ ਗਿਆ ਸੀ ਜਾਂ ਇਸ ਨੇ ਕਦੇ ਪੱਤਰਕਾਰਾਂ ਦੀ ਡਾਕ ਜਾਂ ਤਾਰਾਂ ਜਾਂ ਫੋਨ ਕਾਲਾਂ ਦੀ ਸੈਂਸਰਸ਼ਿਪ ਦਾ ਕਦੇ ਆਦੇਸ਼ ਦਿੱਤਾ ਸੀ। ਅੰਤ ਵਿਚ, ਅਦਾਲਤ ਵਿਚ ਛਿੱਥੇ ਪਾਉਣ ਵਾਲੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਬਚਣ ਲਈ ਸਰਕਾਰ ਨੇ ਇਸ ਹੁਕਮ ਨੂੰ ਵਾਪਸ ਲੈ ਲਿਆ।

ਇਸ ਆਦੇਸ਼ ਦੇ ਸਬੰਧ ਵਿਚ ਇਕ ਸ਼ਿਕਾਇਤ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਪਾਸ ਵੀ ਕੀਤੀ ਗਈ। ਮਈ, 1996 ਵਿਚ, ਵੇਦ ਭੂਸ਼ਣ ਸ਼ਰਮਾ, ਰਜਿਸਟਰਾਰ (ਲਾਅ) ਨੇ ਐਮ ਏ ਐਸ ਆਰ ਨੂੰ ਲਿਖਿਆ। ਉਸਦੇ ਪੱਤਰ ਵਿਚ ਲਿਖਿਆ ਸੀ :

"ਮੈਨੂੰ ਆਪ ਜੀ ਨੂੰ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਤੁਹਾਡੀ ਸ਼ਿਕਾਇਤ, ਮਿਤੀ 24/05/95 ਅਤੇ ਸਬੰਧਤ ਅਧਿਕਾਰੀਆਂ ਪਾਸੋਂ ਪ੍ਰਾਪਤ ਹੋਈ ਰਿਪੋਰਟ ਕਮਿਸ਼ਨ ਦੇ ਸਾਹਮਣੇ 09/04/96 ਨੂੰ ਰੱਖੀ ਗਈ ਸੀ। ਇਨ੍ਹਾਂ ਨੂੰ ਵਾਚਣ ਤੋਂ ਬਾਅਦ, ਕਮਿਸ਼ਨ ਨੇ ਨਿਮਨ ਅਨੁਸਾਰ ਹਦਾਇਤ ਕੀਤੀ:-

ਇਹ ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ ਦੇ ਸ੍ਰੀ ਇੰਦਰਜੀਤ ਸਿੰਘ ਜੇਜੀ ਵਲੋਂ ਇਕ ਪੈਟੀਸ਼ਨ ਹੈ ਜਿਸ ਵਿਚ ਚੰਡੀਗੜ੍ਹ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਸਿੱਖ ਰਾਜਨੀਤਿਕ ਪਾਰਟੀਆਂ ਦੀ ਡਾਕ ਦੀ ਸੈਂਸਰਸ਼ਿਪ ਕੀਤੇ ਜਾਣ ਸਬੰਧੀ ਸ਼ਿਕਾਇਤ ਕੀਤੀ ਗਈ ਹੈ। ਉਨ੍ਹਾਂ ਦੇ ਪਤੇ ਤੇ ਭੇਜੀ ਜਾਂਦੀ ਸਾਰੀ ਡਾਕ ਸੈਂਸਰ ਕੀਤੀ ਜਾਂਦੀ ਹੈ।

ਆਪਣੇ ਉੱਤਰ ਵਿਚ, ਉੱਤਰਦਾਤਾ ਨੇ ਇਹ ਸਵੀਕਾਰ ਕੀਤਾ ਹੈ ਕਿ ਇੰਡੀਅਨ ਪੋਸਟ ਆਫਿਸ ਐਕਟ, 1898 ਦੀ ਧਾਰਾ 26(1) ਅਤੇ ਇੰਡੀਅਨ ਟੈਲੀਗ੍ਰਾਫ ਐਕਟ, 1885 ਦੀ ਧਾਰਾ 5(2) ਦੁਆਰਾ ਦਿੱਤੀਆਂ ਸ਼ਕਤੀਆਂ ਕਰਕੇ ਪ੍ਰਸ਼ਾਸਕ (ਯੂ.ਟੀ.) ਚੰਡੀਗੜ੍ਹ ਨੂੰ ਲੋਕਾਂ ਦੀ ਸੁਰੱਖਿਆ ਅਤੇ ਸ਼ਾਂਤੀ ਦੇ ਹਿੱਤ ਵਿਚ ਇਹ ਅਖ਼ਤਿਆਰ ਹਾਸਲ ਹੈ ਕਿ ਉਹ ਡਾਕ ਵਸਤੂਆਂ/ਤਾਰ ਸੰਦੇਸਾਂ ਦੀ ਸੈਂਸਰਸ਼ਿਪ ਕਰਨ ਲਈ ਹੁਕਮ ਜਾਰੀ ਕਰ ਸਕਦਾ ਹੈ। ਅੱਗੇ ਹੋਰ

ਕਿਹਾ ਗਿਆ ਹੈ ਕਿ ਇਨ੍ਹਾਂ ਸ਼ਕਤੀਆਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੈਲੇਂਜ ਕੀਤਾ ਗਿਆ ਹੈ ਅਤੇ ਪ੍ਰਸ਼ਾਸਕ ਦਾ ਆਦੇਸ਼ ਫੈਸਲੇ-ਅਧੀਨ ਹੈ।

ਇਸ ਮਾਮਲੇ ਦੇ ਮੱਦੇਨਜ਼ਰ, ਹੋਰ ਕੋਈ ਕਾਰਵਾਈ ਕੀਤੇ ਜਾਣ ਦੀ ਲੋੜ ਨਹੀਂ ਹੈ।"

ਇਸਤੋਂ ਤਕਰੀਬਨ ਇਕ ਸਾਲ ਮਗਰੋਂ, 19 ਮਾਰਚ, 1997 ਨੂੰ, ਰਿਤੂ ਸਰੀਨ ਨੇ **ਇੰਡੀਅਨ ਐਕਸਪ੍ਰੈਸ** ਵਿਚ ਖ਼ਬਰ ਦਿੱਤੀ ਕਿ *ਇੰਟੈਲੀਜੈਂਸ ਬਿਊਰੋ* ਦਿੱਲੀ ਵਿਚ ਸਫਦਰਜੰਗ ਹਵਾਈ ਅੱਡੇ ਦੇ *ਸਾਰਟਿੰਗ ਆਫਿਸ* ਤੋਂ 10 ਤੋਂ 15 ਥੈਲੇ ਜਿਨ੍ਹਾਂ ਵਿਚ ਤਕਰੀਬਨ 5,000 ਚਿੱਠੀਆਂ ਹੁੰਦੀਆਂ ਹਨ ਨੂੰ ਕੁਲੈਕਟ ਕਰਦਾ ਹੈ ਅਤੇ ਉਨ੍ਹਾਂ ਨੂੰ ਖੋਲ੍ਹਣ ਅਤੇ ਪੜ੍ਹਨ ਲਈ ਨਵੀਂ ਦਿੱਲੀ ਦੀ ਖ਼ਾਨ ਮਾਰਕਿਟ ਵਿਖੇ ਆਪਣੇ ਦਫਤਰ ਲੈ ਜਾਂਦਾ ਹੈ।

ਉਸਨੇ ਸੀਨੀਅਰ ਡਾਕ ਅਧਿਕਾਰੀਆਂ ਦੁਆਰਾ ਕਹੀ ਗਈ ਇਹ ਗੱਲ ਲਿਖੀ ਕਿ ਇਹ *ਇੰਟਰਸੈਪਸ਼ਨ* ਤਾਂ "ਜਿਥੋਂ ਤਕ ਸਾਨੂੰ ਯਾਦ ਹੈ ਕਿੰਨੇ ਹੀ ਚਿਰ ਤੋਂ ਚਲ ਰਹੀ ਹੈ" ਅਤੇ ਇਹ ਕਿ ਇਹ ਤਾਂ ਰੋਜ਼ਮੱਰਾ ਦਾ ਕੰਮ ਹੈ, ਜਿਸ ਦਾ ਕੋਈ ਰਿਕਾਰਡ ਨਹੀਂ ਰਖਿਆ ਜਾਂਦਾ ਕਿ ਕੀ ਲਿਜਾਇਆ ਗਿਆ ਅਤੇ ਕੀ ਵਾਪਸ ਕੀਤਾ ਗਿਆ। "ਨਾ ਤਾਂ ਡਾਕ ਅਤੇ ਤਾਰ ਵਿਭਾਗ ਅਤੇ ਨਾ ਹੀ ਗ੍ਰਿਹ ਮਾਮਲਿਆਂ ਸਬੰਧੀ ਮੰਤਰਾਲੇ ਦੇ ਕਿਸੇ ਸੀਨੀਅਰ ਅਫ਼ਸਰ ਨੂੰ *ਇੰਟੈਲੀਜੈਂਸ ਬਿਊਰੋ* ਦੁਆਰਾ ਕੀਤੇ ਜਾ ਰਹੇ ਇਸ ਗੁਪਤ ਓਪਰੇਸ਼ਨ ਦੇ ਵਿਸਤਾਰ ਜਾਂ ਮੰਤਵ ਸਬੰਧੀ ਕੋਈ ਪਤਾ ਹੈ।

ਪਦਮਾ ਬਾਲਾਸੁਬਰਾਮਨੀਅਮ, ਦਿੱਲੀ ਦੀ ਚੀਫ ਪੋਸਟਮਾਸਟਰ ਜਨਰਲ, ਕਹਿੰਦੀ ਹੈ ਕਿ ਉਸਨੂੰ ਵਿਦੇਸ਼ਾਂ ਤੋਂ ਆਈ ਡਾਕ ਦੀ ਇੰਨੇ ਵੱਡੇ ਪੈਮਾਨੇ ਤੇ *ਇੰਟਰਸੈਪਸ਼ਨ* ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ। ... "ਸਾਨੂੰ ਇਸ ਸਾਰੀ ਕਾਰਵਾਈ ਦੀ ਉੱਕਾ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ।"

ਇੰਡੀਅਨ ਪੋਸਟ ਆਫਿਸ ਐਕਟ (1898 ) ਦੀਆਂ ਧਾਰਾਵਾਂ 25 ਅਤੇ 26 ਵਿਚ ਇਹ ਅਨੁਬੰਧ ਹੈ ਕਿ ਡਾਕ ਸਿਰਫ ਸੀਨੀਅਰ ਪੋਸਟਲ ਸਟਾਫ ਦੀ ਹਾਜ਼ਰੀ ਵਿਚ ਅਤੇ ਕੇਂਦਰ ਜਾਂ ਰਾਜ ਸਰਕਾਰ ਦੀ ਨਿਰਧਾਰਤ ਅਥਾਰਟੀ ਦੁਆਰਾ ਉਚਿਤ ਤੌਰ ਤੇ ਪਾਸ ਕੀਤੀ ਗਈ ਇਕ ਲਿਖਤੀ ਸੂਚੀ ਦੇ ਆਧਾਰ ਤੇ ਹੀ *ਇੰਟਰਸੈਪਟ* ਕੀਤੀ ਜਾ ਸਕਦੀ ਹੈ।ਜੋ ਕੁਝ ਆਈ ਬੀ ਰੋਜ਼ ਦਿਹਾੜੀ ਕਰ ਰਿਹਾ ਹੈ, ਇਕੱਠੀ ਦੀ ਇਕੱਠੀ *ਅਨਲਿਸਟਿਡ* ਅਤੇ *ਅਨਸਾਰਟਿਡ* ਡਾਕ ਚੁੱਕ ਕੇ ਲਿਜਾ ਰਿਹਾ ਹੈ, ਐਕਟ ਦੀ ਉਲੰਘਣਾ ਹੈ। ਇਹ ਇਕ ਵੱਡੇ ਪੈਮਾਨੇ ਤੇ ਓਪਰੇਸ਼ਨ ਹੈ, ਜੋ ਕਿ ਸ਼ਨਾਖ਼ਤ ਕੀਤੇ ਨਾਵਾਂ ਤੇ ਨਹੀਂ ਬਲਕਿ ਸਾਰੇ ਮੁਲਕਾਂ ਤੇ ਆਧਾਰਿਤ ਹੈ।

*ਸਾਰਟਿੰਗ ਆਫਿਸ* ਦੇ ਸੀਨੀਅਰ ਮੈਂਬਰ ਕਹਿੰਦੇ ਹਨ ਕਿ ਆਈ ਬੀ

ਯੂ.ਐਸ.ਏ., ਯੂ.ਕੇ, ਜਰਮਨੀ, ਸ੍ਰੀ ਲੰਕਾ, ਪਾਕਿਸਤਾਨ, ਯੂ.ਏ.ਈ., ਨੇਪਾਲ, ਦੁਬਈ, ਇਰਾਨ ਅਤੇ ਇਰਾਕ ਤੋਂ ਆਈ ਡਾਕ ਦੇ ਥੈਲੇ ਚੁੱਕ ਲਿਜਾਂਦਾ ਹੈ।

*ਈ-ਮੇਲ* ਸੁਵਿਧਾਵਾਂ ਇਸ ਖੇਤਰ ਵਿਚ ਕੇਵਲ 1996 ਵਿਚ ਹੀ ਆਮ ਉਪਲਬਧ ਹੋਈਆਂ ਪਰੰਤੂ ਜਾਤੀ ਤਜ਼ਰਬੇ ਇਹ ਦਸਦੇ ਹਨ ਕਿ *ਈ-ਮੇਲ* ਵੀ ਸਰਕਾਰ ਦੀ ਛਾਣਬੀਣ ਅਧੀਨ ਹੈ। ਇਸ ਖਰੜੇ ਦੀਆਂ ਕਾਪੀਆਂ ਕਮੱਰਸ਼ਲ *ਈ-ਮੇਲ* ਸਰਵਿਸਿਜ਼ ਰਾਹੀਂ ਨਹੀਂ ਭਿਜਵਾਈਆਂ ਜਾ ਸਕੀਆਂ ਕਿਉਂਕਿ ਓਪਰੇਟਰਾਂ ਨੇ ਇਸ ਆਧਾਰ ਤੇ ਇਨਕਾਰ ਕਰ ਦਿੱਤਾ ਕਿ ਅਜਿਹਾ ਮਟੀਰਿਅਲ ਭੇਜਣ ਨਾਲ ਉਨ੍ਹਾਂ ਨੂੰ ਸਰਕਾਰੀ ਅਥਾਰਟੀਆਂ ਵਲੋਂ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜਦੋਂ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ 1996 ਵਿਚ ਬੰਗਲੋਰ ਵਿਖੇ ਮਨੁੱਖੀ ਅਧਿਕਾਰਾਂ ਤੇ ਅੰਤਰ-ਰਾਸ਼ਟਰੀ ਕਾਨਫਰੰਸ ਆਯੋਜਿਤ ਕੀਤੀ, ਤਾਂ ਮੈਨੂੰ "ਅੱਤਵਾਦ ਸਬੰਧੀ ਲੋਕਾਂ ਦਾ ਗਿਆਨ" ਤੇ ਇਕ ਪੇਪਰ ਪੇਸ਼ ਕਰਨ ਲਈ ਕਿਹਾ ਗਿਆ। ਪੇਪਰ ਨੂੰ ਆਰਗੇਨਾਈਜ਼ਰਜ਼ ਤਕ ਛੇਤੀ ਪਹੁੰਚਾਉਣ ਲਈ, ਮੈਂ ਇਹ ਲੈ ਕੇ ਇਕ ਕਮੱਰਸ਼ਲ ਈ-ਮੇਲ ਸਰਵਿਸ ਕੋਲ ਟਾਈਮ ਸਿਰ ਡਿਸਪੈਚ ਕਰਨ ਲਈ ਗਿਆ। ਐਪਰ ਜਦੋਂ ਮੈਂ ਕਾਨਫਰੰਸ ਵਿਚ ਪੁੱਜਾ ਤਾਂ ਮੈਨੂੰ ਸੂਚਿਤ ਕੀਤਾ ਗਿਆ ਕਿ ਪੇਪਰ ਤਾਂ ਉਨ੍ਹਾਂ ਨੂੰ ਪ੍ਰਾਪਤ ਹੀ ਨਹੀਂ ਹੋਇਆ! ਐਨ ਐਚ ਆਰ ਸੀ ਦੁਆਰਾ ਆਪਣੇ ਡੈਲੀਗੇਟਸ ਲਈ ਫੋਟੋਸਟੈਟ ਕਾਪੀਆਂ ਤਿਆਰ ਕਰਵਾਈਆਂ ਗਈਆਂ।

ਜਦੋਂ ਮੈਂ ਵਾਪਸ ਘਰ ਪਰਤਿਆ ਤਾਂ ਮੈਂ *ਈ-ਮੇਲ* ਓਪਰੇਟਰ ਕੋਲ ਗਿਆ ਕਿ ਉਸ ਤੋਂ ਪਤਾ ਕਰਾਂ ਕਿ ਕੀ ਗੱਲ ਹੋਈ .. ਤਾਂ ਮੈਨੂੰ ਸੌਫ਼ਟਜ਼ੋਨ.ਕੌਮ ਜੀਨਿਅਸਨੈੱਟ - ਈ-ਮੇਲ ਲਾਈਨ ਦੇ ਮਾਲਿਕ - ਪਾਸੋਂ ਆਈ ਇਕ ਸਲਿੱਪ ਦਿੱਤੀ ਗਈ - ਜਿਸ ਵਿਚ ਓਪਰੇਟਰ ਨੂੰ ਕਿਹਾ ਗਿਆ ਸੀ :

"ਤੁਹਾਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਤੁਹਾਡੇ ਅਕਾਊਂਟ ਤੋਂ ਆਈ ਇਕ ਮੇਲ ਵਿਚ ਪ੍ਰਤੱਖ ਤੌਰ ਤੇ ਵਿਸਫੋਟਕ ਗੱਲਾਂ ਹਨ। ਆਟੋ ਸਕਰੀਨਿੰਗ ਸੌਫ਼ਟਵੇਅਰ ਨੇ ਨਿਮਨ ਸ਼ਬਦਾਂ ਦੇ ਹੋਣ ਬਾਰੇ ਅਤੇ ਉਨ੍ਹਾਂ ਦੀ ਗਿਣਤੀ ਬਾਰੇ ਹੇਠ ਅਨੁਸਾਰ ਰਿਪੋਰਟ ਕੀਤਾ ਹੈ : ਅੱਤਵਾਦ 27 ਵਾਰੀ, ਖਾੜਕੂ 6 ਵਾਰੀ, ਬਗ਼ਾਵਤ 6 ਵਾਰੀ। ਜੇਕਰ ਤੁਹਾਨੂੰ ਯਕੀਨ ਹੈ ਕਿ ਇਸ ਦਾ ਵਿਸ਼ਾ-ਵਸਤੂ ਗ਼ੈਰ-ਕਾਨੂੰਨੀ ਨਹੀਂ ਹੈ, ਸਰਕਾਰ ਦੇ, ਸਦਾਚਾਰ ਦੇ, ਕਾਨੂੰਨ ਦੇ ਵਿਰੁੱਧ ਨਹੀਂ ਹੈ, ਤਾਂ ਤੁਸੀਂ ਇਸ ਨੂੰ ਆਪਣੇ ਜੋਖਮ ਅਤੇ ਖ਼ਰਚੇ ਤੇ ਦੁਬਾਰਾ ਭੇਜ ਦਿਓ (ਜੇਕਰ ਇਸ ਮੇਲ ਸਬੰਧੀ ਕੋਈ ਹੋਵੇ)। ਮੈਂਬਰਸ਼ਿਪ ਲਈ ਅਪਲਾਈ ਕਰਨ ਸਮੇਂ ਤੁਹਾਡੇ ਦੁਆਰਾ ਹਸਤਾਖਰ ਕੀਤੀਆਂ ਗਈਆਂ ਸ਼ਰਤਾਂ ਅਤੇ ਪ੍ਰਤਿਬੰਧ ਵਾਚ ਲਏ ਜਾਣ। ਤੁਹਾਨੂੰ ਰਾਏ ਦਿੱਤੀ ਜਾਂਦੀ ਹੈ ਕਿ ਤੁਸੀਂ ਇਸ ਮਾਧਿਅਮ ਨੂੰ ਅਜਿਹੇ ਵਿਸਫੋਟਕ ਮਟੀਰਿਅਲ ਨੂੰ ਭੇਜਣ ਲਈ ਇਸਤਮਾਲ ਨਾ ਕਰੋ। ਤੁਸੀਂ *ਐਨਕ੍ਰਿਪਟੇਸ਼ਨ* ਜਾਂ ਕਿਸੇ ਹੋਰ ਫਾਰਮ ਦਾ ਇਸਤਮਾਲ ਕਰ ਸਕਦੇ ਹੋ।

ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ, ਇਸ ਲਈ ਬੜੀ ਨੇਕਦਿਲੀ ਨਾਲ ਉਨ੍ਹਾਂ ਦੇ ਨਾਲ ਸ਼ਾਮਲ ਹੋ ਸਕਦੀ ਹੈ ਜੋ ਸਰਕਾਰ ਦੇ *ਪੈਰਾਨੌਇਡ ਸਕ੍ਰੁਪੋਮੇਨੀਆ* ਦਾ ਸ਼ਿਕਾਰ ਹਨ - ਉਸਦੀ ਡਾਕ ਵੀ ਸੈਂਸਰ ਕੀਤੀ ਜਾਂਦੀ ਹੈ!